Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 227 | Thursday, November 18, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਹੜ੍ਹਾਂ ਕਾਰਨ ਬੀ ਸੀ ਨੇ ਐਲਾਨੀ ਸਟੇਟ ਆਫ ਐਮਰਜੈਂਸੀ



ਬ੍ਰਿਟਿਸ਼ ਕੋਲੰਬੀਆ, 17 ਨਵੰਬਰ (ਪੋਸਟ ਬਿਊਰੋ) : ਦੱਖਣੀ ਬੀ ਸੀ ਵਿੱਚ ਆਏ ਹੜ੍ਹਾਂ ਕਾਰਨ ਵਿਗੜੇ ਹਾਲਾਤ ਦੇ ਮੱਦੇਨਜ਼ਰ ਪ੍ਰੋਵਿੰਸ ਵੱਲੋਂ ਬੁੱਧਵਾਰ ਦੁਪਹਿਰ ਨੂੰ ਸਟੇਟ ਆਫ ਐਮਰਜੰਸੀ ਦਾ ਐਲਾਨ ਕੀਤਾ ਗਿਆ।

ਪ੍ਰੀਮੀਅਰ ਜੌਹਨ ਹੌਰਗਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਇਸ ਐਲਾਨ ਨਾਲ ਪ੍ਰੋਵਿੰਸ ਭਰ ਵਿੱਚ ਲੋਕਾਂ ਨੂੰ ਜ਼ਰੂਰੀ ਸੇਵਾਵਾਂ ਤੇ ਸਪਲਾਈਜ਼ ਮਿਲਦੀਆਂ ਰਹਿਣਗੀਆਂ। ਲੋਕਾਂ ਨੂੰ ਜਦੋਂ ਤੱਕ ਜ਼ਰੂਰੀ ਨਾ ਹੋਵੇ ਟਰੈਵਲ ਨਾ ਕਰਨ ਦੀ ਸਲਾਹ ਦਿੱਤੀ ਗਈ ਹੈ। ਇਸ ਦੇ ਨਾਲ ਹੀ ਪ੍ਰੋਵਿੰਸ ਵੱਲੋਂ ਮੈਡੀਕਲ ਤੇ ਐਮਰਜੰਸੀ ਸੇਵਾਵਾਂ ਦੇ ਨਾਲ ਨਾਲ ਜ਼ਰੂਰਤਮੰਦ ਕਮਿਊਨਿਟੀਜ਼ ਤੇ ਲੋਕਾਂ ਨੂੰ ਜ਼ਰੂਰੀ ਵਸਤਾਂ ਮੁਹੱਈਆ ਕਰਵਾਉਣ ਦਾ ਉਪਰਾਲਾ ਵੀ ਕੀਤਾ ਜਾਵੇਗਾ।

ਹੌਰਗਨ ਨੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਲੋੜੋਂ ਵੱਧ ਸਮਾਨ ਇੱਕਠਾ ਨਾ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਆਖਿਆ ਕਿ ਜੋ ਤੁਹਾਨੂੰ ਚਾਹੀਦਾ ਹੈ ਉਹ ਤੁਹਾਡੇ ਗੁਆਂਢੀਆਂ ਨੂੰ ਵੀ ਚਾਹੀਦਾ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਬੀ ਸੀ ਦੀ ਸਪਲਾਈ ਚੇਨ ਦੇ ਜਲਦ ਬਹਾਲ ਹਣ ਦੀ ਉਨ੍ਹਾਂ ਨੂੰ ਪੂਰੀ ਉਮੀਦ ਹੈ।

ਜ਼ਿਕਰਯੋਗ ਹੈ ਕਿ ਢਿੱਗਾਂ ਡਿੱਗਣ, ਜ਼ਮੀਨ ਖਿਸਕਣ ਤੇ ਹੜ੍ਹਾਂ ਕਾਰਨ ਹਾਈਵੇਅਜ਼ ਬੰਦ ਹੋ ਗਏ ਤੇ ਲੋਅਰ ਮੇਨਲੈਂਡ ਬਾਕੀ ਦੇ ਪ੍ਰੋਵਿੰਸ ਨਾਲੋਂ ਕੱਟਿਆ ਗਿਆ। ਇਸ ਤੋਂ ਬਾਅਦ ਤੋਂ ਹੀ ਅਗਾਸੀਜ਼ ਦੇ ਪੱਛਮ ਵੱਲ ਲੌਹੀਡ ਹਾਈਵੇਅ (ਹਾਈਵੇਅ 7) ਨੂੰ ਜ਼ਰੂਰੀ ਟਰੈਵਲ ਲਈ ਤੇ ਰਿਚਮੰਡ ਵਿੱਚ ਹਾਈਵੇਅ 99 ਨੂੰ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਗਿਆ ਹੈ। ਟਰਾਂਸਪੋਰਟੇਸ਼ਨ ਮੰਤਰੀ ਰੌਬ ਫਲੇਮਿੰਗ ਨੇ ਆਖਿਆ ਕਿ ਇਹ ਉਨ੍ਹਾਂ ਲੋਕਾਂ ਲਈ ਖੋਲ੍ਹਿਆ ਗਿਆ ਹੈ ਜਿਨ੍ਹਾਂ ਨੂੰ ਆਪਣੇ ਪਸ਼ੂਆਂ ਨੂੰ, ਆਪਣੇ ਹੋਰ ਜ਼ਰੂਰੀ ਸਾਜ਼ੋ ਸਮਾਨ ਨੂੰ ਲਿਜਾਣਾ ਹੈ।

ਪਬਲਿਕ ਸੇਫਟੀ ਮੰਤਰੀ ਮਾਈਕ ਫੈਰਨਵਰਥ ਨੇ ਆਖਿਆ ਕਿ ਇਹ ਸਮਾਂ ਮਨ ਪ੍ਰਚਾਵੇ ਲਈ ਘੁੰਮਣ ਫਿਰਨ ਦਾ ਨਹੀਂ ਹੈ। ਸਾਡਾ ਟਰਾਂਸਪੋਰਟੇਸ਼ਨ ਇਨਫਰਾਸਟ੍ਰਕਚਰ ਤਹਿਸ ਨਹਿਸ ਹੋ ਗਿਆ ਹੈ। ਆਪਣੀਆਂ ਸੜਕਾਂ ਤੇ ਰੇਲਵੇਅਜ਼ ਨੂੰ ਮੁੜ ਲੀਹ ਉੱਤੇ ਲਿਆਉਣਾ ਸਾਡੀ ਨੰਬਰ ਵੰਨ ਤਰਜੀਹ ਹੈ। ਹੜ੍ਹਾਂ ਕਾਰਨ 17,775 ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ। ਸਟੇਟ ਆਫ ਐਮਰਜੰਸੀ 14 ਦਿਨਾਂ ਲਈ ਪ੍ਰਭਾਵੀ ਰਹੇਗੀ ਤੇ ਲੋੜ ਪੈਣ ਉੱਤੇ ਇਸ ਨੂੰ ਵਧਾਇਆ ਵੀ ਜਾ ਸਕਦਾ ਹੈ।

## ਇਸ ਮਹੀਨੇ ਤੋਂ ਪੰਜ ਤੋਂ 11 ਸਾਲ ਦੇ ਬੱਚਿਆਂ ਦਾ ਟੀਕਾਕਰਣ ਸ਼ੁਰੂ ਕਰੇਗਾ ਓਨਟਾਰੀਓ : ਮੂਰ



ਓਟਵਾ, 17 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਮੈਡੀਕਲ ਆਫੀਸਰ ਆਫ ਹੈਲਥ ਡਾ.ਕਿਰਨ ਮੂਰ ਦਾ ਕਹਿਣਾ ਹੈ ਕਿ ਪੰਜ ਤੋਂ 11 ਸਾਲਾਂ ਦੇ ਬੱਚਿਆਂ ਨੂੰ ਨਵੰਬਰ ਦੇ ਅੰਤ ਤੱਕ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਦਿੱਤੇ ਜਾਣ ਦੀ ਉਮੀਦ ਹੈ।

ਡਾ. ਮੂਰ ਨੇ ਆਖਿਆ ਕਿ ਪ੍ਰੋਵਿੰਸ਼ੀਅਲ ਅਧਿਕਾਰੀਆਂ ਵੱਲੋਂ ਓਟਵਾ ਪਬਲਿਕ ਹੈਲਥ ਪਲੈਨ ਦਾ ਮੁਲਾਂਕਣ ਕੀਤਾ ਗਿਆ ਹੈ ਤੇ ਉਨ੍ਹਾਂ ਆਖਿਆ ਕਿ ਉਹ ਕਮਾਲ ਦਾ ਪਲੈਨ ਹੈ। ਡਾ. ਮੂਰ ਵੱਲੋਂ ਟੀਕਾਕਰਣ ਲਈ ਦੱਸੇ ਜਾ ਰਹੇ ਸਮੇਂ ਦੇ ਅੰਦਾਜ਼ੇ ਨਾਲ ਹੀ ਕੈਨੇਡਾ ਦੇ ਚੀਫ ਮੈਡੀਕਲ ਐਡਵਾਈਜ਼ਰ ਵੱਲੋਂ ਦਿੱਤੀ ਜਾ ਰਹੀ ਸਮਾਂ ਸੀਮਾਂ ਕਾਫੀ ਹੱਦ ਤੱਕ ਮੇਲ ਖਾਂਦੀ ਹੈ। ਪਿਛਲੇ ਹਫਤੇ ਉਨ੍ਹਾਂ ਆਖਿਆ ਸੀ ਕਿ ਹੈਲਥ ਕੈਨੇਡਾ ਇੱਕ ਜਾਂ ਦੋ ਹਫਤਿਆਂ ਵਿੱਚ ਬੱਚਿਆਂ ਦਾ ਟੀਕਾਕਰਣ ਸ਼ੁਰੂ ਕਰ ਸਕਦਾ ਹੈ।

ਇਸ ਨਾਲ ਕੁੱਝ ਬੱਚੇ ਹਾਲੀਡੇਅ ਸੀਜ਼ਨ ਲਈ ਅੰਸ਼ਕ ਤੌਰ ਉੱਤੇ ਮਹਿਫੂਜ਼ ਹੋ ਜਾਣਗੇ। ਮੂਰ ਨੇ ਆਖਿਆ ਕਿ ਬੱਚਿਆਂ ਨੂੰ ਅੱਠ ਹਫਤਿਆਂ ਵਿੱਚ ਕੋਵਿਡ-19 ਵੈਕਸੀਨ ਦੀਆਂ ਦੋ ਡੋਜ਼ਾਂ ਦਿੱਤੀਆਂ ਜਾਣਗੀਆਂ। ਸੋਮਵਾਰ ਨੂੰ ਮੌਡਰਨਾ ਨੇ ਵੀ ਇਹ ਐਲਾਨ ਕੀਤਾ ਸੀ ਕਿ ਉਸ ਵੱਲੋਂ ਛੇ ਤੋਂ 11 ਸਾਲ ਦੇ ਬੱਚਿਆਂ ਲਈ ਆਪਣੀ ਸਪਾਈਕਵੈਕਸ ਕੋਵਿਡ-19 ਵੈਕਸੀਨ ਨੂੰ ਮਨਜ਼ੂਰੀ ਦਿਵਾਉਣ ਲਈ ਅਪਲਾਈ ਕੀਤਾ ਗਿਆ ਹੈ। ਰੈਗੂਲੇਟਰ ਵੱਲੋਂ ਪਹਿਲਾਂ ਹੀ ਫਾਈਜ਼ਰ ਦੀ ਬੱਚਿਆਂ ਲਈ ਵੈਕਸੀਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration, Real Estate
Family Law, Business Closing
Corporate, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish • Racoons
Call : PARESH PATEL
(Government Approved Licensed Technician)
416 938 4598

## ਕਾਰ ਵਿੱਚੋਂ ਚਲਾਈ ਗਈ ਗੋਲੀ ਕਾਰਨ ਇੱਕ ਹਲਾਕ

ਟੋਰਾਂਟੋ, 17 ਨਵੰਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਇੱਕ ਕਾਰ ਵਿੱਚੋਂ ਚਲਾਈ ਗਈ ਗੋਲੀ ਕਾਰਨ ਇੱਕ 20 ਸਾਲਾ ਵਿਅਕਤੀ ਦੀ ਮੌਤ ਹੋ ਗਈ। ਟੋਰਾਂਟੋ ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇੱਕ ਕਾਰ ਵਿੱਚੋਂ ਗੋਲੀ ਚੱਲਣ ਦੀ ਰਿਪੋਰਟ ਦੇ ਕੇ ਪੁਲਿਸ ਨੂੰ ਰਾਤੀਂ 10:00 ਵਜੇ ਦੇ ਨੇੜੇ ਤੇੜੇ ਲਾਅਰੈਂਸ ਐਵਨਿਊ ਈਸਟ ਤੇ ਓਰਟੌਨ ਪਾਰਕ ਰੋਡ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਨੂੰ ਉੱਥੇ ਇੱਕ ਵਿਅਕਤੀ ਬਿਨਾਂ ਸਾਹ ਸਤ ਦੇ ਮਿਲਿਆ। ਪੈਰਾਮੈਡਿਕਸ ਵੱਲੋਂ ਉਸ ਵਿਅਕਤੀ ਦੀ ਜਾਨ ਬਚਾਉਣ ਦੀ ਬੜੀ ਕੋਸ਼ਿਸ਼ ਕੀਤੀ ਗਈ ਪਰ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਇਲਾਕੇ ਵਿੱਚੋਂ ਗ੍ਰੇਅ ਰੰਗ ਦੀ ਕਾਰ ਨੂੰ ਜਾਂਦਿਆਂ ਵੇਖਿਆ ਗਿਆ ਪਰ ਅਜੇ ਤੱਕ ਕਿਸੇ ਵੀ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

## ਨਿੱਕੇ ਟਰਿੱਪਸ ਲਈ ਫੈਡਰਲ ਸਰਕਾਰ ਪੀਸੀਆਰ ਟੈਸਟ ਦੀ ਸ਼ਰਤ ਕਰੇਗੀ ਖ਼ਤਮ



ਟੋਰਾਂਟੋ, 17 ਨਵੰਬਰ (ਪੋਸਟ ਬਿਊਰੋ) : ਛੋਟੇ ਟਰਿੱਪ ਕਰਨ ਤੋਂ ਬਾਅਦ ਕੈਨੇਡਾ ਪਰਤ ਰਹੇ ਟਰੈਵਲਰਜ਼, ਜਿਨ੍ਹਾਂ ਨੇ ਪੂਰੀ ਵੈਕਸੀਨੇਸ਼ਨ ਕਰਵਾਈ ਹੋਈ ਹੈ, ਲਈ ਪੀਸੀਆਰ ਟੈਸਟ ਕਰਵਾਉਣ ਦੀ ਸ਼ਰਤ ਫੈਡਰਲ ਸਰਕਾਰ ਵੱਲੋਂ ਹਟਾਈ ਜਾ ਰਹੀ ਹੈ। ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੋਇਆ ਹੈ ਕਿ ਬਾਰਡਰ ਉੱਤੇ ਹੋਣ ਵਾਲੀ ਇਹ ਤਬਦੀਲੀ ਕਦੋਂ ਤੱਕ ਲਾਗੂ ਹੋਵੇਗੀ। ਪੀਸੀਆਰ ਟੈਸਟ ਵਾਂਗ ਮੌਲੀਕਿਊਲਰ ਟੈਸਟ 72 ਘੰਟਿਆਂ ਤੋਂ ਲੰਮੇਂ ਟਰਿੱਪਸ ਲਈ ਅਜੇ ਵੀ ਚਾਹੀਦਾ ਹੋਵੇਗਾ। ਕੈਨੇਡਾ ਦਾਖਲ ਹੋਣ ਵਾਲ ਸਾਰੇ ਟਰੈਵਲਰਜ਼, ਭਾਵੇਂ ਉਨ੍ਹਾਂ ਦਾ ਵੈਕਸੀਨੇਸ਼ਨ ਸਟੇਟਸ ਕੁੱਝ ਵੀ ਹੋਵੇ, ਨੂੰ ਜ਼ਮੀਨੀ ਹੱਦ ਜਾਂ ਜਹਾਜ਼ ਚੜ੍ਹਨ ਤੋਂ ਪਹਿਲਾਂ 72 ਘੰਟਿਆਂ ਵਾਲੇ ਮੌਲੀਕਿਊਲਰ ਕੋਵਿਡ-19 ਟੈਸਟ ਦਾ ਸਬੂਤ ਪੇਸ਼ ਕਰਨਾ ਲਾਜ਼ਮੀ ਹੋਵੇਗਾ।

ਇਹ ਟੈਸਟ ਕਰਵਾਉਣ ਉੱਤੇ 150 ਡਾਲਰ ਤੋਂ 300 ਡਾਲਰ ਦਰਮਿਆਨ ਲਾਗਤ ਆਵੇਗੀ। ਐਂਟੀਜਨ ਟੈਸਟਸ, ਜਿਨ੍ਹਾਂ ਉੱਤੇ ਸਿਰਫ 40 ਡਾਲਰ ਤੋਂ 60 ਡਾਲਰ ਤੱਕ ਦੀ ਲਾਗਤ ਆਉਂਦੀ ਹੈ, ਕੈਨੇਡਾ ਵਿੱਚ ਦਾਖਲੇ ਲਈ ਸਵੀਕਾਰਨਯੋਗ ਨਹੀਂ ਹੋਣਗੇ। 72 ਘੰਟਿਆਂ ਤੋਂ ਘੱਟ ਦੇ ਟਰਿੱਪਸ ਲਈ, ਟਰੈਵਲਰਜ਼ ਮੌਜੂਦਾ ਨਿਯਮਾਂ ਤਹਿਤ ਡਿਪਾਰਚਰ ਤੋਂ ਪਹਿਲਾਂ ਕੈਨੇਡਾ ਵਿੱਚ ਕੋਵਿਡ-19 ਟੈਸਟ ਕਰਵਾ ਸਕਦੇ ਹਨ।

## ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਪੈ ਸਕਦਾ ਹੈ ਬਰਫੀਲਾ ਮੀਂਹ



ਓਨਟਾਰੀਓ, 17 ਨਵੰਬਰ (ਪੋਸਟ ਬਿਊਰੋ) : ਐਨਵਾਇਰਮੈਂਟ ਕੈਨੇਡਾ ਵੱਲੋਂ ਓਨਟਾਰੀਓ ਦੇ ਕਈ ਹਿੱਸਿਆਂ ਲਈ ਬਰਫੀਲੇ ਮੀਂਹ ਸਬੰਧੀ ਚੇਤਾਵਨੀ ਦਿੱਤੀ ਗਈ ਹੈ।

ਹੱਢ ਜਮਾ ਦੇਣ ਵਾਲੇ ਮੀਂਹ ਸਬੰਧੀ ਚੇਤਾਵਨੀ ਪੰਜ ਰੀਜਨਜ਼ ਲਈ ਜਾਰੀ ਕੀਤੀ ਗਈ ਹੈ, ਜੋ ਕਿ ਟਿਮਿਨਜ਼ ਏਰੀਆ ਤੋਂ ਬੈਰੀਜ਼ ਬੇਅ ਤੱਕ ਅਤੇ ਓਟਵਾ ਤੋਂ ਦੋ ਘੰਟੇ ਵੈਸਟ ਵੱਲ ਐਲਗੌਂਨਕੁਇਨ ਤੱਕ ਹੋਵੇਗੀ। ਏਜੰਸੀ ਦਾ ਕਹਿਣਾ ਹੈ ਕਿ ਇਨ੍ਹਾਂ ਪ੍ਰਭਾਵਿਤ ਰੀਜਨਜ਼ ਵਿੱਚ ਕਈ ਘੰਟਿਆਂ ਤੱਕ ਇਹ ਬਰਫੀਲਾ ਮੀਂਹ ਪੈ ਸਕਦਾ ਹੈ। ਇਸ ਤੋਂ ਬਾਅਦ ਬੁੱਧਵਾਰ ਦੁਪਹਿਰ ਜਾਂ ਸ਼ਾਮ ਨੂੰ ਮੀਂਹ ਆਮ ਵਾਂਗ ਹੋ ਜਾਵੇਗਾ ਤੇ ਫਿਰ ਸ਼ਾਮ ਵੇਲੇ ਤਾਪਮਾਨ ਡਿੱਗਣ ਨਾਲ ਮੀਂਹ ਵੀ ਇੱਕ ਵਾਰੀ ਫਿਰ ਬਰਫੀਲਾ ਹੋ ਜਾਵੇਗਾ।

ਏਜੰਸੀ ਨੇ ਚੇਤਾਵਨੀ ਦਿੱਤੀ ਕਿ ਹਾਈਵੇਅਜ਼, ਸੜਕਾਂ, ਵਾਕਵੇਅਜ਼ ਤੇ ਪਾਰਕਿੰਗ ਲੌਟਸ ਵਿੱਚ ਇਸ ਬਰਫੀਲੇ ਮੀਂਹ ਕਾਰਨ ਤਿਲ੍ਹਕਣ ਵੱਧ ਜਾਵੇਗੀ। ਪ੍ਰਭਾਵਿਤ ਇਲਾਕਿਆਂ ਵਿੱਚ ਤੁਰਦੇ ਜਾਂ ਡਰਾਈਵ ਕਰਦੇ ਸਮੇਂ ਲੋਕਾਂ ਨੂੰ ਸਾਵਧਾਨੀ ਤੋਂ ਕੰਮ ਲੈਣ ਲਈ ਆਖਿਆ ਗਿਆ ਹੈ। ਓਟਵਾ ਸਮੇਤ ਉੱਤਰੀ ਤੇ ਦੱਖਣੀ ਓਨਟਾਰੀਓ ਤੋਂ ਇਲਾਵਾ ਉੱਤਰੀ ਓਨਟਾਰੀਓ ਤੇ ਕਿਊਬਿਕ ਵਿੱਚ ਵੀ ਬਰਫੀਲਾ ਮੀਂਹ ਪੈਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ। ਇਸ ਦੌਰਾਨ ਪੰਜ ਤੋਂ 15 ਸੈਂਟੀਮੀਟਰ ਤੱਕ ਬਰਫੀਲਾ ਮੀਂਹ ਪੈਣ ਦੀ ਗੁੰਜਾਇਸ਼ ਹੈ।

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL
Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

INSURANCE MART
INSURANCE COMPANY
Life Insurance
Critical Illness
Disability
Super Visa
Home and Auto Insurance
Gurdip Gill
(647)767-6665
gurdipgill1@hotmail.ca

Dubai Jewellers
2700 Northpark Drive
Unit #19, Brampton
Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਗੱਡੀਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਬਾਅਦ ਕਾਰ ਚੋਰ ਫਰਾਰ



ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਕਾਰ ਚੋਰ ਨੇ ਚੋਰੀ ਦੀ ਕਾਰ ਨਾਲ ਕਾਫੀ ਨੁਕਸਾਨ ਕੀਤਾ, ਉਸ ਨੇ ਕਾਰ ਪਾਰਕ ਕੀਤੀਆਂ ਕਈ ਗੱਡੀਆਂ ਤੇ ਖੰਭੇ ਵਿੱਚ ਮਾਰੀ ਤੇ ਫਿਰ ਪੈਦਲ ਹੀ ਮੌਕੇ ਤੋਂ ਫਰਾਰ ਹੋ ਗਿਆ।

ਇੱਕ ਪਾਰਕਿੰਗ ਲੌਟ ਵਿੱਚ ਪਾਰਕ ਕੀਤੀਆਂ ਕਈ ਗੱਡੀਆਂ ਵਿੱਚ ਕਾਰ ਮਾਰੇ ਜਾਣ ਦੀ ਖਬਰ ਪੁਲਿਸ ਨੂੰ ਦੁਪਹਿਰੇ 4:27 ਉੱਤੇ ਦੇ ਕੇ ਯੌਰਕ ਦੇ ਸਾਈਮਜ਼ ਤੇ ਗਲੈਨ ਸਕਾਰਲੈੱਟ ਰੋਡਜ਼ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਡਰਾਈਵਰ ਨੂੰ ਕਾਰ ਵਿੱਚੋਂ ਨਿਕਲਦਿਆਂ ਵੇਖਿਆ ਗਿਆ, ਉਸ ਦੇ ਮੂੰਹ ਦੇ ਸੱਜੇ ਪਾਸੇ ਕਾਫੀ ਖੂਨ ਵੀ ਲੱਗਿਆ ਹੋਇਆ ਸੀ।

ਪੁਲਿਸ ਨੇ ਦੱਸਿਆ ਕਿ ਉਹ ਪੈਦਲ ਹੀ ਇੱਥੋਂ ਚਲਾ ਗਿਆ ਤੇ ਇਹ ਵੀ ਸ਼ੱਕ ਹੈ ਕਿ ਉਸ ਨੇ ਕਿਸੇ ਨੇੜਲੇ ਸਟੋਰ ਵਿੱਚ ਚੋਰੀ ਨਾਲ ਦਾਖਲ ਹੋ ਕੇ ਕੱਪੜੇ ਵੀ ਬਦਲੇ। ਮਸ਼ਕੂਕ ਅਜੇ ਫਰਾਰ ਹੈ। ਪੁਲਿਸ ਵੱਲੋਂ ਜਾਰੀ ਕੀਤੇ ਵੇਰਵੇ ਅਨੁਸਾਰ ਉਹ ਗੋਰੇ ਰੰਗ ਦਾ, 20 ਤੋਂ 23 ਸਾਲਾਂ ਦਾ ਕਲੀਨ ਸ਼ੇਵਨ ਵਿਅਕਤੀ ਹੈ ਜਿਸ ਦੀ ਕੱਦ-ਕਾਠੀ ਦਰਮਿਆਨੀ ਹੈ। ਉਸ ਨੇ ਜੀਨਜ਼ ਦੇ ਨਾਲ ਨੇਵੀ ਹੁਡੀ ਪਾਈ ਹੋਈ ਹੈ ਜਿਸ ਉੱਪਰ ਨੀਲੀਆਂ ਧਾਰੀਆਂ ਹਨ।

# ਇਲੈਕਟ੍ਰਿਕ ਗੱਡੀਆਂ ਲਈ ਛੋਟ ਸਬੰਧੀ ਪ੍ਰੋਗਰਾਮ ਵਾਸਤੇ ਕੋਈ ਵਾਅਦਾ ਨਹੀਂ ਕਰ ਰਹੀ ਫੋਰਡ ਸਰਕਾਰ



ਟੋਰਾਂਟੋ, 17 ਨਵੰਬਰ (ਪੋਸਟ ਬਿਊਰੋ): ਅਗਲੇ ਦਹਾਕੇ ਵਿੱਚ ਇਲੈਕਟ੍ਰਿਕ ਵ੍ਹੀਕਲਜ਼ ਦੇ ਉਤਪਾਦਨ ਦੇ ਖੇਤਰ ਵਿੱਚ ਮੋਹਰੀ ਰਹਿਣ ਦਾ ਦਾਅਵਾ ਕਰਨ ਵਾਲੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਇਲੈਕਟ੍ਰਿਕ ਵ੍ਹੀਕਲ (ਈ ਵੀ) ਰਿਬੇਟ ਪ੍ਰੋਗਰਾਮ ਲਈ ਕੋਈ ਵਾਅਦਾ ਨਹੀਂ ਕੀਤਾ ਜਾ ਰਿਹਾ।

ਪ੍ਰੀਮੀਅਰ ਫੋਰਡ ਨੇ ਬੁੱਧਵਾਰ ਨੂੰ ਨਵੀਂ ਰਣਨੀਤੀ ਤਹਿਤ 2030 ਤੱਕ ਓਨਟਾਰੀਓ ਵਿੱਚ 400,000 ਇਲੈਕਟ੍ਰਿਕ ਤੇ ਹਾਈਬ੍ਰਿਡ ਗੱਡੀਆਂ ਤਿਆਰ ਕਰਨ ਦੀ ਗੱਲ ਆਖੀ। ਫੋਰਡ ਨੇ ਇਸ ਮੌਕੇ ਆਖਿਆ ਕਿ ਛੋਟ ਪ੍ਰਤੀ ਰੁਝਾਨ ਵੀ ਪੈਦਾ ਹੋ ਰਿਹਾ ਹੈ। ਪਰ ਸਰਕਾਰ ਇਹ ਸੰਕੇਤ ਦੇ ਰਹੀ ਹੈ ਕਿ ਓਨਟਾਰੀਓ ਦੇ ਡਰਾਈਵਰਾਂ ਨੂੰ ਓਨਟਾਰੀਓ ਵਿੱਚ ਹੀ ਤਿਆਰ ਇਲੈਕਟ੍ਰਿਕ ਵ੍ਹੀਕਲ ਦੀ ਖਰੀਦ ਉੱਤੇ ਕੋਈ ਛੋਟ ਨਹੀਂ ਦਿੱਤੀ ਜਾਵੇਗੀ।

ਫੋਰਡ ਨੇ ਆਖਿਆ ਕਿ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਮਾਰਕਿਟ ਕਿਸ ਤਰ੍ਹਾਂ ਚੱਲਦੀ ਹੈ। ਇੱਥੇ ਦੱਸਣਾ ਬਣਦਾ ਹੈ ਕਿ 2018 ਵਿੱਚ ਆਫਿਸ ਸਾਂਭਦਿਆਂ ਸਾਰ ਹੀ ਪ੍ਰੀਮੀਅਰ ਫੋਰਡ ਨੇ ਸਾਬਕਾ ਲਿਬਰਲ ਸਰਕਾਰ ਵੱਲੋਂ ਇਲੈਕਟ੍ਰਿਕ ਕਾਰਾਂ ਖਰੀਦਣ ਲਈ 14000 ਡਾਲਰ ਦੀ ਕੀਤੀ ਪੇਸ਼ਕਸ਼ ਇਹ ਆਖਦਿਆਂ ਹੋਇਆਂ ਰੱਦ ਕਰ ਦਿੱਤੀ ਸੀ ਕਿ ਇਸ ਨਾਲ ਸਿਰਫ ਮਿਲੀਅਨੇਅਰਜ਼ ਹੀ ਮਹਿੰਗੀਆਂ ਇਲੈਕਟ੍ਰਿਕ ਗੱਡੀਆਂ ਖਰੀਦ ਸਕਣਗੇ।


ਵਿੱਤ ਮੰਤਰੀ ਪੀਟਰ ਬੈਥਲੈਨਫੈਲਵੀ ਨੇ ਆਖਿਆ ਕਿ ਅਸੀਂ ਪ੍ਰੋਵਿੰਸ ਵਿੱਚ ਇਲੈਕਟ੍ਰਿਕ ਕਾਰਾਂ ਦੇ ਉਤਪਾਦਨ ਨੂੰ ਜਲਦ ਤੋਂ ਜਲਦ ਲਿਆਉਣਾ ਚਾਹੁੰਦੇ ਹਾਂ। ਇਸ ਨਾਲ ਅਸੀਂ ਪਹਿਲਾਂ ਖੁੱਸ ਚੁੱਕੀਆਂ ਮੈਨੂਫੈਕਚਰਿੰਗ ਜੌਬਜ਼ ਨੂੰ ਵੀ ਬਦਲ ਸਕਾਂਗੇ। ਜਦੋਂ ਇਹ ਪੁੱਛਿਆ ਗਿਆ ਕਿ ਕੀ ਚਾਰਜਿੰਗ ਸਟੇਸ਼ਨ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਬਣਾਏ ਜਾਣਗੇ ਤਾਂ ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ ਨੇ ਆਖਿਆ ਕਿ ਇਸ ਪਾਸੇ ਅਸੀਂ ਬਾਅਦ ਵਿੱਚ ਫੈਸਲਾ ਕਰਾਂਗੇ।

REXDALE BODY SHOP
USED CAR SALE

CHEEMA
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED

25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor

For More Details Call: 416-970-5005/647-242-8667

Jas Toor
Sales Repersentative
Sutton
Sutton Group-Realty Experts
Brokerage*
Jagdish Grewal
Sales Repersentative
Century 21
President Realty Inc.
Brokerage*


## ਅੱਜ ਨਾਮਾ

ਆਈ ਖਬਰ ਕਿ ਗਏ ਜਦੋਂ ਟਿਕਟ ਵੰਡੇ,
ਹੋਣਾ ਕਈਆਂ ਨੂੰ ਸਾਫ ਇਨਕਾਰ ਬੇਲੀ।
ਜਿਨ੍ਹਾਂ ਬਾਰੇ ਸ਼ਿਕਾਇਤਾਂ ਨੇ ਲੋਕ ਕਰਦੇ,
ਬਣ ਗਏ ਬੇੜੀ ਦਾ ਜਾਪਦੇ ਭਾਰ ਬੇਲੀ।
ਬੇੜੀ ਆਪਣੀ ਲੱਗਣੀ ਪਾਰ ਕੋਈ ਨਹੀਂ,
ਪਾਰਟੀ ਡੋਬਣਗੇ ਅੱਧ ਵਿਚਕਾਰ ਬੇਲੀ।
ਲੱਗਿਆ ਪਤਾ ਅਗੇਤਾ ਜਦ ਨਾਂਹ ਹੋਣੀ,
ਛੱਡਣ ਲੱਗੇ ਆ ਸੱਜਣ ਕੀ ਯਾਰ ਬੇਲੀ।
ਮਿਲਦੇ ਮਾਲ ਨੂੰ ਛਕਣ ਦੇ ਯਾਰ ਕਾਫੀ,
ਖੜ ਕੇ ਨਾਲ ਨਾ ਖਾਂਦੇ ਉਹ ਕੁੱਟ ਬੇਲੀ।
ਹੁੰਦੀ ਯਾਰੀ ਜਦ ਸਾਰੀ ਹੈ ਲੱਡੂਆਂ ਦੀ,
ਲੱਡੂ ਮੁੱਕੇ, ਯਾਰਾਨਾ ਗਿਆ ਟੁੱਟ ਬੇਲੀ।

**ਤੀਸ ਮਾਰ ਖਾਂ**

# ਕਿਸਾਨਾਂ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਚੰਨੀ ਨੇ ਕਿਸਾਨਾਂ ਦੀਆਂ ਤਕਰੀਬਨ ਸਾਰੀਆਂ ਮੰਗਾਂ ਮੰਨੀਆਂ

* ਪੰਜਾਬ ਵਿੱਚ ਸਿਰਫ਼ ਪੰਜਾਬੀ ਨੌਜਵਾਨਾਂ ਨੂੰ ਨੌਕਰੀਆਂ ਮਿਲਣਗੀਆਂ

ਚੰਡੀਗੜ੍ਹ, 17 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਕਿਸਾਨਾਂ ਨਾਲ ਅੱਜ ਏਥੇ ਹੋਈ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇਦੱਸਿਆ ਕਿ ਸਰਕਾਰ ਨੇ ਕਿਸਾਨਾਂ ਦੀਆਂ ਲਗਭਗਸਭ ਮੰਗਾਂ ਮੰਨ ਲਈਆਂ ਹਨ।ਉਨ੍ਹਾਂ ਕਿਹਾ ਕਿ ਕਿਸਾਨੀ ਅੰਦੋਲਨ ਅਤੇ ਪਰਾਲੀ ਸਾੜਨ ਦੌਰਾਨ ਬਣੇ ਸਾਰੇ ਕੇਸ ਰੱਦ ਕੀਤੇ ਜਾਣਗੇ।ਮੁੱਖ ਮੰਤਰੀ ਚੰਨੀ ਨੇ ਇਹ ਵੀ ਕਿਹਾ ਕਿ ਜੇ ਕਿਸਾਨ ਕਹਿਣ ਤਾਂ ਅਸਤੀਫਾ ਦੇ ਕੇ ਅੰਦੋਲਨ ਵਿੱਚ ਜਾਣ ਨੂੰ ਤਿਆਰ ਹਾਂ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਸਾਨਾਂ ਨਾਲ ਮੀਟਿੰਗ ਪਿੱਛੋਂ ਪ੍ਰੈੱਸ ਕਾਨਫਰੰਸ ਦੱਸਿਆ ਕਿ ਸੁੰਡੀ ਕਾਰਨ ਨਰਮਾ ਖਰਾਬ ਹੋਣ ਕਰ ਕੇ ਪ੍ਰਭਾਵਤ ਕਿਸਾਨ ਨੂੰ 17000 ਰੁਪਏ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇਗਾਤੇ ਨਰਮਾ ਚੁਗਣ ਵਾਲੇ ਮਜ਼ਦੂਰ ਨੂੰ 10 ਫੀਸਦੀ ਦਿੱਤਾ ਜਾਵੇਗਾ। ਕਰਜ਼ਾ ਮੁਆਫੀ ਬਾਰੇ ਕਿਸਾਨਾਂ ਅਤੇ ਸਰਕਾਰ ਦੀ ਮੀਟਿੰਗ ਫਿਰਹੋਵੇਗੀ।ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਕਿਸਾਨ ਸੰਘਰਸ਼ ਵਿੱਚ ਜਿੰਨੇ ਕਿਸਾਨ ਸ਼ਹੀਦ ਹੋਏ ਹਨ, ਉਨ੍ਹਾਂ ਬਾਰੇ ਅਸੀਂ ਕਿਸਾਨ ਸੰਗਠਨਾਂ ਤੋਂ ਲਿਸਟ ਮੰਗੀ ਹੈ ਤੇ ਉਨ੍ਹਾਂ ਦੇ ਵਾਰਸਾਂ ਨੂੰ ਨੌਕਰੀ ਅਤੇ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਨੂੰਪੰਜਾਬ ਸਰਕਾਰ ਕਿਸੇ ਸੂਰਤਵੀ ਲਾਗੂ ਨਹੀਂ ਕਰੇਗੀ।



ਪੰਜਾਬ ਸਰਕਾਰ ਦੇ ਐਲਾਨ ਮੁਤਾਬਕ ਗੁਲਾਬੀ ਸੁੰਡੀ ਨਾਲ 75 ਫ਼ੀਸਦੀ ਤੋਂ ਵੱਧ ਨਰਮਾ ਬਰਬਾਦੀ ਵਾਲੇ ਕਿਸਾਨਾਂ ਨੂੰ ਪਹਿਲੇ 12000 ਦੀ ਥਾਂ ਵਧਾ ਕੇ17,000 ਰੁਪਏ ਮੁਆਵਜ਼ਾ ਤੇ ਨਰਮਾ ਚੁਗਣ ਵਾਲੇ ਮਜ਼ਦੂਰ ਨੂੰ 10 ਫ਼ੀਸਦੀਰਾਜ ਸਰਕਾਰ ਦੇਵੇਗੀ।ਸੰਘਰਸ਼ ਦੇ ਕਿਸਾਨਾਂ ਜਾਂ ਮਜ਼ਦੂਰਾਂ ਦੇ ਵਰਸਾਂ ਨੂੰ ਮੁਆਵਜ਼ਾ ਤੇ ਨੌਕਰੀ ਦਿੱਤੀ ਜਾਵੇਗੀ। ਗੰਨੇ ਦਾ ਭਾਅ ਪਹਿਲੇ 310 ਦੀ ਥਾਂ 360 ਰੁਪਏ ਕਰਨ ਨਾਲ ਵਧੇ 50 ਰੁਪਏ ਵਿੱਚੋਂ 35 ਰੁਪਏ ਸਰਕਾਰ ਅਤੇ 15 ਰੁਪਏ ਗੰਨਾ ਮਿੱਲਾਂ ਦੇਣਗੀਆਂ, ਜਿਸ ਦੀ ਕਾਊਂਟਰ ਪੇਮੈਂਟ ਹੋਵੇਗੀ।ਜਿਨ੍ਹਾਂ ਕਿਸਾਨਾਂ ਦੀ ਫ਼ਸਲ ਚੁੱਕੀ ਨਹੀਂ ਗਈ, ਅਗਲੇ 3-4 ਦਿਨਾਂ ਵਿੱਚ ਚੁੱਕੀ ਜਾਵੇਗੀ।ਸਕੀਮ ਦੇ ਬਿਜਲੀ ਮੀਟਰ ਲੈਣ ਵਾਲੇ 500 ਕਿਸਾਨਾਂ ਦਾ 37,000 ਰੁਪਏ ਬਿੱਲ ਆਉਂਦਾ ਹੈ,ਉਨ੍ਹਾਂ ਦੀ ਇਹ 500 ਮੀਟਰ ਮੁਫ਼ਤ ਕੀਤੇ ਜਾਣ ਦੀਮੰਗ ਸੀ ਅਤੇਮੁੱਖ ਮੰਤਰੀ ਨੇ ਮੁਫ਼ਤ ਕਰਨ ਦਾ ਭਰੋਸਾ ਦਿੱਤਾ ਹੈ। ਕਿਸਾਨੀ ਸੰਘਰਸ਼ ਦੌਰਾਨ ਕਿਸਾਨਾਂ ਉੱਤੇਬਣੇ ਸਾਰੇ ਕੇਸ ਸਰਕਾਰ ਤੁਰੰਤ ਵਾਪਸ ਲਵੇਗੀ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਮੀਟਿੰਗ ਪਿੱਛੋਂ ਪ੍ਰੈੱਸ ਕਾਨਫਰੰਸ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੇ ਝੋਨੇ ਦਾ ਦਾਣਾ-ਦਾਣਾ ਖ਼ਰੀਦਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀਨੇ ਕਿਹਾ ਹੈ ਕਿ ਪੰਜਾਬ ਵਿੱਚ ਡੀ ਏ ਪੀ ਖ਼ਾਦ ਦਾ ਸੰਕਟ ਦੂਰ ਕੀਤਾ ਜਾਵੇਗਾ ਤੇ ਕਿਹਾ ਹੈ ਕਿ ਕਿਸਾਨਾਂ ਉੱਤੇ ਬਣੇ ਅੰਦੋਲਨ ਵਾਲੇ ਸਾਰੇ ਕੇਸ ਰੱਦ ਹੋਣਗੇ। ਇਸ ਦੌਰਾਨ ਰਾਜੇਵਾਲ ਨੇ ਉਨ੍ਹਾਂ ਗੱਲਾਂ ਦੀ ਤਸਦੀਕ ਕੀਤੀ, ਜਿਹੜੀਆਂ ਦੀ ਸਹਿਮਤੀ ਬਾਰੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪ੍ਰੈੱਸ ਨੂੰ ਦੱਸਿਆ ਸੀ।

ਇਸ ਦੌਰਾਨ ਵਿਧਾਨ ਸਭਾ ਚੋਣਾਂ ਨੇੜੇ ਵੇਖ ਕੇਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੁਹਰਾਇਆ ਹੈ ਕਿ ਉਹ ਜਲਦੀ ਹੀ ਸਰਕਾਰੀ ਤੇ ਨਿੱਜੀ ਖੇਤਰ ਦੀਆਂ ਨੌਕਰੀਆਂ ਵਿੱਚਪੰਜਾਬੀਆਂਨੂੰ ਲਗਪਗ ਸੌ ਫ਼ੀਸਦੀ ਰਾਖਵਾਂਕਰਨ ਯਕੀਨੀ ਕਰਨ ਦਾ ਕਾਨੂੰਨ ਲਿਆਉਣੇ, ਜਿਸ ਲਈ ਉਹ ਕਾਨੂੰਨੀ ਟੀਮ ਦੀ ਸਲਾਹਲੈ ਰਹੇ ਹਨ।ਉਨ੍ਹਾਂ ਕਿਹਾ ਕਿ ਗੁਆਂਢੀ ਰਾਜਾਂ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਤੱਕ ਦੇ ਉਮੀਦਵਾਰਾਂ ਨੂੰ ਸਥਾਨਕ ਲੋਕਾਂ ਦੀ ਥਾਂ ਨੌਕਰੀਮਿਲੀ ਜਾਂਦੀ ਹੈ।

## ਬਾਦਲਾਂ ਦੀਆਂ 31 ਬੱਸਾਂ ਸਮੇਤ 125 ਬੱਸਾਂ ਦੇ ਪਰਮਿਟ ਤੁਰੰਤ ਰੱਦ

ਚੰਡੀਗੜ੍ਹ, 17 ਨਵੰਬਰ, (ਪੋਸਟ ਬਿਊਰੋ)- ਪੰਜਾਬ ਟਰਾਂਸਪੋਰਟ ਵਿਭਾਗ ਨੇ ਟੈਕਸਾਂ ਦੀ ਉਲੰਘਣਾ ਕਰਦੇ ਟਰਾਂਸਪੋਰਟ ਕੰਪਨੀਆਂ ਦੇ ਮਾਲਕਾਂ ਵਿਰੁੱਧ ਤੇਜ਼ ਕਾਰਵਾਈ ਕਰਦਿਆਂ ਮੋਟਰ ਵਾਹਨ ਟੈਕਸ ਚੋਰੀ ਦੇ ਦੋਸ਼ ਹੇਠ 125 ਬੱਸ ਪਰਮਿਟ ਅੱਜ ਰੱਦ ਕਰ ਦਿੱਤੇ ਹਨ, ਜਿਨ੍ਹਾਂ ਵਿੱਚੋਂ 31 ਪਰਮਿਟ ਇਕੱਲੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀਆਂ ਕੰਪਨੀਆਂ ਨਾਲ ਸਬੰਧਤ ਹਨ।

ਇਸ ਬਾਰੇ ਪੰਜਾਬ ਦੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੱਸਿਆ ਕਿ ਇਹ ਸਭ ਕਾਰਵਾਈ ਪੰਜਾਬ ਸਰਕਾਰ ਦੇ ਬਕਾਇਆ ਟੈਕਸਾਂ ਦਾ ਭੁਗਤਾਨ ਨਾ ਕਰਨ ਅਤੇ ਸਿਸਟਮ ਨੂੰ ਧੋਖਾ ਦੇ ਕੇ ਸਰਕਾਰੀ ਖਜ਼ਾਨੇ ਨੂੰ ਢਾਹ ਲਾਉਣ ਦੇ ਕਸੂਰਵਾਰਾਂ ਦੀਆਂ ਕੋਸ਼ਿਸ਼ਾਂ ਨੂੰ ਠੱਲ੍ਹ ਪਾਉਣ ਲਈ ਕੀਤੀ ਗਈ ਹੈ ਤੇ ਇਸ ਕੰਮ ਵਿੱਚ ਮੋਟਰ ਵਹੀਕਲ ਐਕਟ 1988 ਦੀ ਧਾਰਾ 103ਦੀ ਪਾਲਣਾ ਕੀਤੀ ਹੈ। ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਾਰਦਰਸ਼ੀ ਅਤੇ ਇਕਸਾਰ ਟਰਾਂਸਪੋਰਟ ਪ੍ਰਣਾਲੀ ਯਕੀਨੀ ਬਣਾਉਣ ਦੇ ਵਾਅਦੇ ਨਾਲਕਿਹਾ ਕਿ ਸਰਕਾਰੀ ਖਜ਼ਾਨੇ ਨੂੰ ਸੰਨ੍ਹ ਲਾਉਣ ਵਾਲਿਆਂ ਵਿਰੁੱਧ ਪਹਿਲ ਦੇ ਅਧਾਰ ਉੱਤੇ ਕਾਰਵਾਈ ਕੀਤੀ ਜਾਵੇਗੀ ਅਤੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।

ਇਸ ਦੌਰਾਨ ਰੀਜਨਲ ਟਰਾਂਸਪੋਰਟ ਅਥਾਰਟੀ (ਆਰ ਟੀ ਏ) ਅਥਾਰਟੀ ਬਠਿੰਡਾ ਨੇ ਟੈਕਸ ਦੇ ਡਿਫਾਲਟਰ ਹੋਣ ਕਾਰਨ ਬਾਦਲ ਪਰਵਾਰ ਨਾਲ ਸਬੰਧਤ ਔਰਬਿਟ ਐਵੀਏਸ਼ਨ ਪ੍ਰਾਈਵੇਟ ਲਿਮਟਿਡ ਦੇ 30 ਇੰਟੈਗ੍ਰਲ ਕੋਚ ਪਰਮਿਟ ਰੱਦ ਕਰਨ ਦੇ ਨਾਲ ਨਿਊ ਫ਼ਤਿਹ ਟਰੈਵਲਜ਼ ਦਾ ਇਕ ਪਰਮਿਟ ਰੱਦ ਕੀਤਾ ਹੈ। ਬੁਲਾਰੇ ਨੇ ਦੱਸਿਆ ਕਿ ਮਨਦੀਪ ਟਰੈਵਲਜ਼ ਦੇ 16 ਹੋਰ ਪਰਮਿਟ ਰੱਦ ਕੀਤੇ ਗਏ ਹਨ। ਨਿਊ ਫ਼ਤਿਹ ਬੱਸ ਸਰਵਿਸ ਦੇ ਵਿਰੁੱਧ ਇਸ ਸਾਲ ਜਨਵਰੀ ਤੋਂ ਟੈਕਸ ਦਾਬਕਾਇਆ ਹੈ। ਬਾਦਲ ਪਰਵਾਰ ਦੀ ਔਰਬਿਟ ਏਵੀਏਸ਼ਨ ਨੇ ਬੀਤੇ ਮਾਰਚ ਤੋਂ ਅਕਤੂਬਰ ਤੱਕ ਟੈਕਸ ਭਰਨ ਦੀ ਦੇਰੀ ਕੀਤੀ ਸੀ, ਜਿਸ ਲਈ ਕਾਰਵਾਈ ਹੋਈ ਹੈ। ਫਰੀਦਕੋਟ ਆਰ ਟੀ ਏ ਅਥਾਰਟੀ ਨੇ 2 ਕਰੋੜ 62 ਲੱਖ ਦੀ ਬਕਾਏ ਵਾਲੇ 3 ਇੰਟੈਗ੍ਰਲ ਕੋਚ ਪਰਮਿਟਾਂ ਤੋਂ ਬਿਨਾ ਨਿਊ ਦੀਪ ਬੱਸ ਸਰਵਿਸ ਦੇ 73 ਆਮ ਬੱਸ ਪਰਮਿਟ ਰੱਦ ਕੀਤੇ ਅਤੇ ਮਾਲਵਾ ਬੱਸ ਸਰਵਿਸ ਦੇ 2 ਆਮ ਬੱਸ ਪਰਮਿਟ ਰੱਦ ਕੀਤੇ ਹਨ।

# ਨਸ਼ੀਲੇ ਪਦਾਰਥਾਂ ਦਾ ਮੁੱਦਾ, ਬਿਕਰਮ ਮਜੀਠੀਆ ਵੱਲੋਂਕੇਸ ਦੀ ਧਿਰ ਬਣਨ ਲਈਹਾਈ ਕੋਰਟ ਨੂੰ ਅਰਜ਼ੀ ਪੇਸ਼

ਚੰਡੀਗੜ੍ਹ, 17 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਹਜ਼ਾਰਾਂ ਕਰੋੜ ਰੁਪਏ ਦੇ ਚਰਚਿਤ ਡਰੱਗ ਰੈਕੇਟ ਕੇਸ ਵਿੱਚ ਅੱਜ ਨਵਾਂ ਮੋੜ ਆ ਗਿਆ, ਜਦੋਂ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਹਰਿਆਣਾ ਹਾਈਕੋਰਟ ਨੂੰ ਅਰਜ਼ੀ ਪੇਸ਼ ਕਰ ਕੇ ਕਿਹਾ ਕਿ ਉਨ੍ਹਾਂ ਨੂੰ ਇਸ ਕੇਸ ਦੀ ਧਿਰ ਮੰਨਿਆ ਜਾਵੇ, ਕਿਉਂਕਿ ਇਸ ਵਿੱਚ ਰਾਜਨੀਤਿਕ ਸਾਜਿਸ਼ ਹੇਠਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਦੋਂ ਕਿ ਡਰੱਗ ਕੇਸ ਦੀ ਜਾਂਚ ਤੇ ਫੜੇ ਗਏ ਮੁੱਖਦੋਸ਼ੀਆਂ ਦੀ ਪੁੱਛਗਿੱਛ ਵਿੱਚ ਉਨ੍ਹਾਂ ਦਾ ਨਾਮ ਨਹੀਂ ਆਇਆ। ਉਨ੍ਹਾਂ ਕਿਹਾ ਕਿ ਵਿਧਾਨਸਭਾ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਦਾ ਨੁਕਸਾਨ ਕਰਨਲਈ ਡਰੱਗ ਕੇਸ ਦੇ ਬਹਾਨੇ ਸੱਤਾਧਾਰੀ ਕਾਂਗਰਸ ਪਾਰਟੀ ਉਨ੍ਹਾਂ ਉੱਤੇ ਕਾਰਵਾਈ ਕਰ ਸਕਦੀ ਹੈ।

ਐਡਵੋਕੇਟ ਅਰਸ਼ਦੀਪ ਚੀਮਾ ਰਾਹੀਂਬਿਕਰਮ ਸਿੰਘ ਮਜੀਠੀਆ ਵੱਲੋਂ ਪੇਸ਼ ਕੀਤੀ ਅਰਜ਼ੀ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਨਵਜੋਤ ਕੌਰ ਸਿੱਧੂ, ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਐਡਵੋਕੇਟ ਨਵਕਿਰਨ ਸਿੰਘਅਤੇ ਆਈ ਪੀ ਐੱਸ ਅਫਸਰ ਅਤੇ ਪੰਜਾਬ ਸਰਕਾਰ ਦੀ ਸਪੈਸ਼ਲ ਟਾਸਕ ਫੋਰਸ (ਡਰੱਗਸ) ਦੇ ਮੁਖੀ ਅਤੇ ਐਡੀਸ਼ਨਲ ਡੀਜੀਪੀ ਹਰਪ੍ਰੀਤ ਸਿੰਘ ਸਿੱਧੂ ਉੱਤੇ ਹਾਈਕੋਰਟ ਵਿੱਚਪੇਸ਼ ਹੋਈਆਂ ਸੀਲਬੰਦ ਰਿਪੋਰਟਾਂ ਜਨਤਕ ਕਰਨ ਦਾ ਦੋਸ਼ ਵੀ ਲਾਇਆ ਗਿਆ ਹੈ। ਅਰਜ਼ੀ ਵਿੱਚ ਬਿਕਰਮ ਸਿੰਘ ਮਜੀਠੀਆ ਨੇ ਨਵਜੋਤ ਸਿੰਘ ਸਿੱਧੂਅਤੇ ਹਰਪ੍ਰੀਤ ਸਿੰਘ ਸਿੱਧੂਦੀ ਨੇੜਤਾ ਦੱਸਦੇ ਹੋਏ ਕਿਹਾ ਕਿ 16 ਮਾਰਚ 2018 ਨੂੰ ਸਿੱਧੂ ਨੇ ਪ੍ਰੈੱਸ ਕਾਨਫਰੰਸ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਦੀਬਣਾਈ ਜਾਂਚ ਰਿਪੋਰਟ ਮੁਤਾਬਕ ਐੱਸ ਟੀ ਐੱਫ ਵਲੋਂ ਇੰਵੈਸਟੀਗੇਸ਼ਨ ਕਰ ਕੇ ਬਣਾਈ ਸਟੇਟਸ ਰਿਪੋਰਟ ਮੀਡੀਆਨੂੰ ਵੰਡੀ ਸੀ, ਜਿਹੜੀ ਐੱਸ ਟੀ ਐੱਫ਼ ਚੀਫ ਹਰਪ੍ਰੀਤ ਸਿੰਘ ਸਿੱਧੂ ਨੇ ਉਨ੍ਹਾਂ ਨੂੰ ਦਿੱਤੀ ਸੀ। ਉਹ ਰਿਪੋਰਟ ਕੋਰਟ ਦੇ ਹੁਕਮ ਮੁਤਾਬਕ ਹਰਪ੍ਰੀਤ ਸਿੰਘ ਨੇ ਸੀਲਬੰਦ ਲਿਫ਼ਾਫ਼ੇ ਵਿੱਚ ਹਾਈਕੋਰਟਨੂੰ ਦਿੱਤੀ ਸੀ, ਪਰ ਕੋਰਟ ਵਿੱਚ ਪੇਸ਼ ਕਰਨ ਤੋਂ ਪਹਿਲਾਂ ਉਹ ਰਿਪੋਰਟ ਨਵਜੋਤ ਸਿੰਘਸਿੱਧੂ ਨੂੰ ਦੇਦਿੱਤੀ, ਜਿਸ ਦਾ ਜ਼ਿਕਰ ਨਵਜੋਤ ਸਿੰਘਸਿੱਧੂਤੇ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਕਈ ਵਾਰ ਜਨਤਕ ਤੌਰ ਉੱਤੇ ਕਰ ਚੁੱਕੇਹਨ। ਅਰਜ਼ੀ ਵਿੱਚਸਿੱਧੂਅਤੇ ਉਨ੍ਹਾਂ ਦੀ ਪਤਨੀ ਉੱਤੇ ਅਦਾਲਤੀ ਮਾਣ-ਹਾਨੀ ਕਾਰਵਾਈ ਦੀ ਮੰਗ ਕੀਤੀ ਗਈ ਹੈ।ਐਡਵੋਕੇਟ ਨਵਕਿਰਨ ਸਿੰਘ ਨੂੰ ਅਰਜ਼ੀ ਵਿੱਚ ਆਮ ਆਦਮੀ ਪਾਰਟੀ ਦਾ ਆਗੂ ਦੱਸ ਕੇ ਉਨ੍ਹਾਂ ਵਲੋਂ ਕੋਰਟ ਵਿੱਚ ਸੀਲ ਬੰਦ ਰਿਪੋਰਟ ਖੋਲ੍ਹਣ ਦੀ ਮੰਗ ਨੂੰ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ਼ ਸਾਜਿਸ਼ ਦਾ ਹਿੱਸਾ ਕਿਹਾ ਗਿਆ ਹੈ। ਸੁਖਜਿੰਦਰ ਸਿੰਘ ਰੰਧਾਵਾ ਦਾ ਬਾਰੇ ਕਿਹਾ ਹੈ ਕਿ ਉਹ ਕਈ ਵਾਰ ਬਿਆਨ ਦੇ ਚੁੱਕੇ ਹਨ ਕਿ ਜੇ ਉਹ ਗ੍ਰਹਿ ਮੰਤਰੀ ਹੁੰਦੇ ਤੇ ਉਨ੍ਹਾਂ ਕੋਲ ਪਾਵਰ ਹੁੰਦੀ ਤਾਂ ਮਜੀਠੀਆ ਨੂੰ ਸੀਖਾਂ ਪਿੱਛੇ ਪੁੱਚਾ ਚੁੱਕੇ ਹੁੰਦੇ ਅਤੇ ਭਵਿਖ ਵਿੱਚ ਪਾਵਰ ਮਿਲੀ ਤਾਂ ਇਹ ਕੰਮ ਕਰਨਗੇ। ਮਜੀਠੀਆ ਨੇ ਕਿਹਾ ਹੈ ਕਿ ਅਗਲੀਆਂ ਚੋਣਾਂ ਲਈਇਹ ਨੇਤਾ ਤੇ ਕਾਂਗਰਸ ਪਾਰਟੀ ਰਾਜਨੀਤਿਕ ਲਾਭ ਲਈ ਉਨ੍ਹਾਂ ਤੇ ਉਨ੍ਹਾਂ ਦੀ ਪਾਰਟੀ ਦੇ ਨੇਤਾਵਾਂ ਉੱਤੇ ਕਾਰਵਾਈ ਕਰ ਸਕਦੇ ਹਨ, ਇਸ ਲਈ ਉਨ੍ਹਾਂ ਨੂੰ ਇਸ ਕੇਸਦੀ ਧਿਰ ਬਣਾਇਆ ਜਾਵੇ।

ਦੂਸਰੇ ਪਾਸੇ ਕੁਝ ਦਿਨ ਸ਼ਾਂਤ ਰਹਿਣ ਪਿੱਛੋਂ ਅੱਜ ਨਵਜੋਤ ਸਿੰਘਸਿੱਧੂ ਨੇ ਫਿਰ ਪੁਰਾਣੇ ਰੰਗ ਵਿੱਚ ਆਪਣੇ ਸੋਸ਼ਲ ਮੀਡੀਆ ਅਕਾਊਂਟਸ ਉੱਤੇਡਰੱਗ ਕੇਸ ਬਾਰੇ ਰਾਜ ਸਰਕਾਰ ਉੱਤੇ ਸਵਾਲ ਚੁੱਕੇ ਅਤੇ ਕਿਹਾ ਕਿ 2017 ਵਿੱਚ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਗਿਆ ਸੀਕਿ ਅਸੀਂ 4 ਹਫ਼ਤੇ ਵਿਚ ਨਸ਼ਿਆਂ ਦੇ ਧੰਦੇ ਦਾ ਲੱਕ ਤੋੜ ਦਿਆਂਗੇ, ਪਰ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀਆਂ 2017 ਤੋਂ 2020 ਦੀਆਂ ਰਿਪੋਰਟਾਂ ਅਨੁਸਾਰ ਬੀਤੇ ਸਮੇਂ ਵਿੱਚ ਨਾਰਕੋਟਿਕ ਡਰੱਗਸ ਤੇ ਸਾਈਕੋਟ੍ਰਾਪਿਕ ਸਬਸਟੈਂਸ (ਐੱਨ ਡੀ ਪੀ ਐੱਸ) ਵਾਲੇ ਅਪਰਾਧਾਂ ਦੀ ਦਰ ਪੰਜਾਬ ਵਿੱਚ ਲਗਾਤਾਰ 4 ਸਾਲ ਪਹਿਲੇ ਥਾਂ ਕਾਇਮ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕੋਲ ਐੱਸ ਟੀ ਐੱਫ ਰਿਪੋਰਟ ਸਾਲ 2018 ਤੋਂ ਪਈ ਹੈ ਤਾਂ ਸਰਕਾਰ ਇਸ ਨੂੰ ਜਨਤਕ ਕਿਉਂ ਨਹੀਂ ਕਰਦੀ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਝੂਠੀ ਜੰਗ ਛੇੜ ਕੇ ਅਕਾਲੀਆਂ ਦੀ ਨਸ਼ਾ ਵਪਾਰ ਦੀ ਵਿਰਾ-ਸਤ ਨੂੰ ਅੱਗੇ ਤੋਰਨ ਦਾ ਦੋਸ਼ ਸਾਡੇ ਉੱਤੇ ਲੱਗਦਾ ਹੈਤੇ ਪੰਜਾਬਹਰਿਆਣਾ ਹਾਈ ਕੋਰਟ ਨੇ ਕਿਹਾ ਹੈ ਕਿ ਨਸ਼ਾ ਸਪਲਾਇਰ ਸਜ਼ਾ ਤੋਂ ਬਚਣ ਲਈ ਸਿਆਸੀ ਸਰਪ੍ਰਸਤੀ ਦਾ ਆਸਰਾ ਲੈਂਦੇ ਹਨ, ਜਦਕਿ ਛੋਟੇ-ਮੋਟੇ ਕਾਰਿੰਦੇ ਫੜੇ ਜਾਂਦੇ ਹਨ। ਇਸ ਤੋਂ ਇਲਾਵਾ 12 ਲੱਖ ਟਰਾਮ-ਾਡੋਲ ਗੋਲੀਆਂ ਦੀ ਰਿਕਵਰੀ ਵਾਲੇ ਕੇਸ ਵਿੱਚ ਹਾਈ ਕੋਰਟ ਨੇ ਸੀ ਬੀ ਆਈ ਜਾਂਚ ਦਾ ਹੁਕਮ ਕਰ ਕੇ ਟਿੱਪਣੀ ਕੀਤੀ ਕਿ ਪੰਜਾਬ ਸਰਕਾਰ ਨੂੰ ਚਲਾਉਣ ਵਾਲੇ ਜਾਣਦੇ ਹਨਕਿ ਉਹ ਨਸ਼ੇ ਵਾਲੇ ਅਪਰਾਧੀਆਂ ਨੂੰ ਜਾਣ-ਬੁੱਝ ਕੇ ਕਿਉਂ ਬਚਾ ਰਹੇ ਹਨ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕੋਰਟ ਨੇ ਨਸ਼ਿਆਂ ਬਾਰੇ ਐੱਸ ਟੀ ਐਫ ਦੀ ਰਿਪੋਰਟ ਦੀ ਕਾਪੀ ਸਰਕਾਰ ਨੂੰ ਦਿੱਤੀ ਸੀ, ਅਸੀਂ ਕਾਨੂੰਨੀ ਕਾਰਵਾਈ ਦੀ ਥਾਂ ਫਰਵਰੀ 2018 ਤੋਂ ਰਿਪੋਰਟ ਦੱਬੀ ਬੈਠੇ ਹਾਂ ਅਤੇ ਇਸ ਬਹੁ-ਕਰੋੜੀ ਡਰੱਗ ਕੇਸ ਦੇ ਵਿਦੇਸ਼ ਬੈਠੇ ਦੋਸ਼ੀਆਂ ਦੀ ਹਵਾਲਗੀ ਕਰਾਉਣ ਤੋਂ ਵੀ ਅਸਫ਼ਲ ਰਹੇ ਹਾਂ। ਉਨ੍ਹਾਂ ਕਿਹਾ ਕਿ ਕਾਨੂੰਨ ਅਨੁਸਾਰ ਸਰਕਾਰ ਕੋਲ ਐੱਸ ਟੀ ਐਫ ਦੀ ਰਿਪੋਰਟ ਉੱਤੇ ਅਮਲ ਕਰਨ ਦੇ ਅਧਿਕਾਰ ਹਨ, ਇਸ ਲਈ ਇਹ ਰਿਪੋਰਟ ਜਨਤਕ ਕੀਤੀ ਜਾਵੇ, ਇਸ ਆਧਾਰ ਉੱਤੇ ਕੇਸ ਦਰਜ ਕੀਤਾ ਜਾਵੇ ਤੇ ਪੰਜਾਬ ਵਿੱਚ ਨਸ਼ੇ ਦੀ ਦਹਿਸ਼ਤ ਫੈਲਾਉਣ ਦੇ ਜ਼ਿੰਮੇਵਾਰ ਵੱਡੇ ਮਗਰਮੱਛਾਂ ਨੂੰ ਫੜ੍ਹਨ ਲਈ ਕਾਰਵਾਈ ਕੀਤੀ ਜਾਵੇ।

## ਹੋਰਨਾਂ ਚੀਜ਼ਾਂ ਤੋਂ ਕਿਤੇ ਵੱਧ ਪਰਦੂਸ਼ਣ ਟੀ ਵੀ ਉੱਤੇ ਹੁੰਦੀਆਂ ਬਹਿਸਾਂ ਨਾਲ ਫੈਲ ਰਿਹੈ: ਸੁਪਰੀਮ ਕੋਰਟ

ਨਵੀਂ ਦਿੱਲੀ, 17 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਅੱਜ ਬੁੱਧਵਾਰ ਨੂੰ ਕਿਹਾ ਕਿ ਹੋਰ ਗੱਲਾਂ ਤੋਂ ਕਿਤੇ ਵੱਧ ਪ੍ਰਦੂਸ਼ਣ ਟੈਲੀਵਿਜ਼ਨ ਨਿਊਜ਼ ਚੈਨਲਾਂ ਉੱਤੇ ਹੁੰਦੀਆਂ ਬਹਿਸਾਂ ਨਾਲ ਫੈਲਦਾ ਹੈਤੇ ਅਦਾਲਤੀ ਸੁਣਵਾਈ ਦੌਰਾਨ ਦਿੱਤੇ ਜਾਂਦੇ ਬਿਆਨਾਂ ਨੂੰ ਸੰਦਰਭ ਤੋਂ ਬਾਹਰ ਵਰਤਿਆ ਜਾ ਰਿਹਾ ਹੈ।

ਚੀਫ਼ ਜਸਟਿਸ ਐੱਨ ਵੀ ਰਮੰਨਾ, ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਸੂਰੀਆਕਾਂਤ ਦੀ ਤਿੰਨ ਮੈਂਬਰੀ ਬੈਂਚ ਨੇ ਕਿਹਾ ਕਿ ਹਰ ਇੱਕ ਦਾ ਆਪਣਾ ਏਜੰਡਾ ਹੈ ਤੇ ਇਨ੍ਹਾਂ ਬਹਿਸਾਂ ਵਿਚ ਬਿਆਨਾਂ ਨੂੰ ਕੇਸ ਤੋਂ ਬਾਹਰ ਰੱਖਿਆ ਜਾਂਦਾ ਹੈ।ਅਦਾਲਤ ਨੇ ਕਿਹਾ, 'ਤੁਸੀਂ (ਕੇਸ ਦੀ ਧਿਰ) ਕਿਸੇ ਮੁੱਦੇ ਨੂੰ ਵਰਤਣਾ ਚਾਹੁੰਦੇ ਹੋ, ਤੁਸੀਂ ਟਿਪਣੀ ਕਰਾਉਣਾ ਚਾਹੁੰਦੇ ਹੋ ਅਤੇ ਉਸ ਨੂੰ ਵਿਵਾਦ ਬਣਾਉਂਦੇ ਹੋ, ਇਸ ਪਿੱਛੋਂਸਿਰਫ਼ ਦੋਸ਼ ਲਾਉਂਦੇ ਹੋ।' ਬੈਂਚ ਨੇ ਕਿਹਾ, 'ਟੈਲੀਵਿਜ਼ਨ ਬਹਿਸਾਂ ਨਾਲ ਕਿਸੇ ਵੀ ਦੂਸਰੀ ਚੀਜ਼ ਤੋਂ ਕਿਤੇ ਵੱਧ ਪ੍ਰਦੂਸ਼ਣ ਫੈਲਦਾ ਹੈ।ਸਾਨੂੰ ਸਮਝ ਨਹੀਂ ਪੈਂਦਾ ਕਿ ਕੀ ਹੋ ਰਿਹਾ ਹੈ ਤੇ ਕੀ ਮੁੱਦਾ ਹੈ। ਬਿਆਨਾਂ ਨੂੰਮੁੱਦੇ ਤੋਂ ਲਾਂਭੇਵਰਤਿਆ ਜਾਂਦਾ ਹੈ। ਹਰ ਕਿਸੇ ਦਾ ਆਪਣਾ ਏਜੰਡਾ ਹੈ। ਅਸੀਂ ਕੋਈ ਮਦਦ ਨਹੀਂ ਕਰ ਸਕਦੇ ਤੇ ਅਸੀਂ ਕੰਟਰੋਲ ਨਹੀਂ ਕਰ ਸਕਦੇ।ਸਾਡਾ ਹੱਲ ਕੱਢਣ ਉੱਤੇ ਧਿਆਨ ਹੈ।' ਕੋਰਟ ਨੇ ਇਹ ਟਿੱਪਣੀ ਦਿਲੀ ਸਰਕਾਰ ਦੇ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਦੀ ਦਲੀਲ ਉੱਤੇ ਕੀਤੀ, ਜਿਨ੍ਹਾਂ ਕਿਹਾ ਸੀ ਕਿ ਪਰਾਲੀ ਸਾੜਨਾ ਹਵਾ ਪ੍ਰਦੂਸ਼ਣ ਦੇ ਕਾਰਨਾਂ ਵਿੱਚੋਂ ਇਕ ਹੈ, ਜਿਸ ਦਾ ਹੱਲ ਕੱਢਣ ਦੀ ਲੋੜ ਹੈ।

ਭਾਰਤ ਸਰਕਾਰ ਵੱਲੋਂ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਦੱਸਿਆ ਕਿ ਟੈਲੀਵਿਜ਼ਨ ਉੱਤੇਬਹਿਸਾਂਵਿੱਚ ਤਾਂ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ (ਮਹਿਤਾ) ਨੇ ਹਵਾ ਪ੍ਰਦੂਸ਼ਣ ਵਿੱਚ ਪਰਾਲੀ ਸਾੜਨ ਬਾਰੇ ਸੁਪਰੀਮ ਕੋਰਟ ਨੂੰ ਗੁੰਮਰਾਹ ਕੀਤਾ ਸੀ।ਮਹਿਤਾ ਨੇ ਕਿਹਾ, 'ਮੈਂ ਆਪਣੇ ਵਿਰੁੱਧ ਟੀ ਵੀ ਮੀਡੀਆ ਉੱਤੇ ਗੈਰ-ਜ਼ਿੰਮੇਵਾਰ ਤੇ ਗਲਤ ਬਿਆਨ ਦੇਖੇ ਹਨ ਕਿ ਮੈਂ ਇਹ ਦੱਸ ਕੇ ਪਰਾਲੀ ਸਾੜਨਦੇ ਸਵਾਲ ਉੱਤੇ ਅਦਾਲਤ ਨੂੰ ਗੁੰਮਰਾਹ ਕੀਤਾ ਹੈ ਕਿ ਇਸ ਦਾ ਯੋਗਦਾਨ ਮਸਾਂ 4 ਤੋਂ 7 ਫੀਸਦੀ ਹੈ। ਮੈਨੂੰ ਸਪੱਸ਼ਟ ਕਰਨ ਦਿਓ।' ਸੁਪਰੀਮ ਕੋਰਟ ਨੇ ਕਿਹਾ, 'ਸਾਨੂੰ ਗੁੰਮਰਾਹ ਨਹੀਂ ਕੀਤਾ ਗਿਆ। ਤੁਸੀਂ 10 ਫੀਸਦੀ ਕਿਹਾ ਸੀ, ਪਰ ਐਫੀਡੇਵਿਟ ਵਿੱਚ 30 ਤੋਂ 40 ਫੀਸਦੀਕਿਹਾ ਸੀ।' ਬੈਂਚ ਨੇ ਕਿਹਾ, 'ਜਦੋਂ ਜਨਤਕ ਅਹੁਦੇ ਉੱਤੇ ਹੁੰਦੇ ਹਾਂ ਤਾਂ ਆਲੋਚਨਾ ਹੁੰਦੀ ਹੈ। ਅਸੀਂ ਸਪੱਸ਼ਟ ਹਾਂ, ਸਾਡਾ ਮਨ ਸਾਫ ਹੈ, ਇਹ ਸਭ ਭੁੱਲ ਜਾਓ।ਏਦਾਂ ਦੀ ਆਲੋਚਨਾ ਹੁੰਦੀ ਰਹਿੰਦੀ ਹੈ। ਸਾਡਾ ਮਨ ਸਾਫ ਹੈ ਅਤੇ ਅਸੀਂ ਸਮਾਜ ਦੀ ਬਿਹਤਰੀ ਲਈ ਕੰਮ ਕਰਦੇ ਹਾਂ।'












# ਅਕਾਲੀ ਵਿਧਾਇਕ ਇਆਲੀ ਦੇ ਘਰ ਛਾਪੇ ਦੌਰਾਨ 2.5 ਕਰੋੜ ਨਕਦੀ ਤੇ ਦਸਤਾਵੇਜ਼ ਜ਼ਬਤ

ਲੁਧਿਆਣਾ, 17 ਨਵੰਬਰ, (ਪੋਸਟ ਬਿਊਰੋ)- ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਦੇ ਘਰ ਆਮਦਨ ਟੈਕਸ ਦੀ 38 ਘੰਟੇ ਚੱਲੀ ਲੰਬੀ ਕਾਰਵਾਈ ਅੱਜ ਬੁੱਧਵਾਰ ਦੇਰ ਰਾਤ ਖਤਮ ਹੋ ਗਈ, ਪਰ ਅਜੇ ਤੱਕ ਵਿਭਾਗ ਦੀਆਂ ਕਰੀਬ 10 ਟੀਮਾਂ ਹੋਰਨਾਂ ਲੋਕੇਸ਼ਨਾਂ ਉੱਤੇ ਕਾਰਵਾਈ ਕਰ ਰਹੀਆਂ ਪਤਾ ਲੱਗੀਆਂ ਹਨ।

ਇਨਕਮ ਟੈਕਸ ਦੇਸੂਤਰਾਂ ਮੁਤਾ-ਬਕ ਛਾਪੇ ਵਿੱਚ 2.5 ਕਰੋੜ ਰੁਪਏ ਨਕਦੀ ਤੇ ਭਾਰੀ ਮਾਤਰਾ ਵਿੱਚਪ੍ਰਾਪਰਟੀ ਦੇ ਪੇਪਰ ਅਤੇ ਡੀਡਸ ਨੂੰ ਜ਼ਬਤ ਅਤੇ 13 ਲਾਕਰਜ਼ ਨੂੰ ਸੀਲ ਕੀਤਾ ਗਿਆ ਹੈ।ਸੂਤਰਾਂ ਮੁਤਾਬਕ ਸਨ ਵਿਊ ਐਨਕਲੇਵ ਦੇ ਅਕਾਊਂਟੈਂਟ ਦੀ ਰਿਹਾਇਸ਼ ਰਾਜਗੁਰੂ ਨਗਰ ਤੋਂ 1.20 ਕਰੋੜ ਦੇ ਲਗਭਗ ਕੈਸ਼ ਮਿਲਿਆ ਹੈ। ਵਰਨਣ ਯੋਗ ਹੈ ਕਿ ਇਹ ਅਕਾਊਂਟੈਂਟ ਸਨ ਵਿਊ ਦੇਕਈ ਕੰਮ ਕਰਦਾ ਸੀ, ਜਿਨ੍ਹਾਂ ਵਿਚ ਡੀਡ ਲਿਖਣਾ, ਅਕਾਊਂਟਸ ਮੈਨੇਜ ਕਰਨਾ ਸ਼ਾਮਲ ਸਨ। ਵਿਧਾਇਕ ਮਨਪ੍ਰੀਤ ਸਿੰਘ ਇਆਲੀ ਦੀ ਰਿਹਾਇਸ਼ ਤੋਂ ਕਰੀਬ 40-50 ਲੱਖ ਰੁਪਏ ਅਤੇ ਹੋਰ ਥਾਵਾਂ ਤੋਂ 20-30 ਲੱਖ ਰੁਪਏ ਦੀ ਨਕਦੀ ਜ਼ਬਤ ਕੀਤੀ ਗਈ ਹੈ। ਕਾਰਵਾਈ ਖਤਮ ਹੋਣ ਪਿੱਛੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਦੇ ਘਰ ਦੇ ਬਾਹਰ ਭਾਰੀ ਗਿਣਤੀ ਵਿੱਚ ਉਨ੍ਹਾਂ ਦੇ ਹਮਾਇਤੀ ਪੁੱਜ ਗਏ ਤੇ ਜੇ ਉਸ ਵੇਲੇ ਵਿਭਾਗੀ ਅਧਿਕਾਰੀਆਂ ਨਾਲ ਪੈਰਾਮਿਲਟਰੀ ਫੋਰਸ ਨਾ ਹੁੰਦੀ ਤਾਂ ਕੋਈ ਅਣਹੋਣੀ ਘਟਨਾ ਵਾਪਰ ਸਕਦੀ ਸੀ।

ਪਤਾ ਲੱਗਾ ਹੈ ਕਿ ਇਸ ਸਰਚ ਵਿੱਚ ਅਧਿਕਾਰੀਆਂ ਨੂੰ ਬਹੁਤ ਸਾਰੇ ਇਕਰਾਰਨਾਮੇ ਮਿਲੇ ਹਨ, ਜਿਨ੍ਹਾਂ ਨੂੰ ਵਿਭਾਗ ਦੀ ਟੀਮ ਲੈ ਗਈ ਹੈ।ਦੱਸਿਆ ਗਿਆ ਹੈ ਕਿ ਵਿਭਾਗ ਨੂੰ ਇਸ ਵਿਧਾਇਕ ਅਤੇ ਸਨ ਵਿਊ ਦੇ ਪਾਰਟਨਰਜ਼ ਉੱਤੇ ਸ਼ੱਕ ਹੈ ਕਿ ਉਹ ਲੰਬੇ ਸਮੇਂ ਤੋਂ ਵੱਡੇ ਪੱਧਰ ਉੱਤੇ ਬੇਨਾਮੀ ਜਾਇਦਾਦ ਖਰੀਦ ਰਹੇ ਹਨ, ਜਿਸ ਬਾਰੇ ਵਿਭਾਗ ਨੇ ਕਾਰਵਾਈ ਕੀਤੀ ਹੈ। ਸੂਤਰਾਂ ਮੁਤਾਬਕ ਇਨ੍ਹਾਂ ਗਰੁੱਪਾਂ ਨੇ ਆਪਣੇ ਰਿਸ਼ਤੇਦਾਰਾਂ, ਮੁਲਾਜ਼ਮਾਂ ਤੇ ਹੋਰ ਲੋਕਾਂ ਦੇ ਨਾਂ ਉੱਤੇ ਨਾਜਾਇਜ਼ ਜਾਇਦਾਦਾਂ ਖਰੀਦੀਆਂਹਨ। ਇਨ੍ਹਾਂ ਸੂਤਰਾਂ ਮੁਤਾਬਕ ਲੈਂਡ ਡੀਲਸ ਦੇ ਸਾਰੇ ਦਸਤਾਵੇਜ਼ਾਂ ਦੀ ਜਾਂਚ ਹੋ ਰਹੀ ਹੈ ਤੇ ਜਿਨ੍ਹਾਂ ਪ੍ਰਾਪਰਟੀਜ਼ ਦੀ ਡੀਲਰਾਂ ਨਾਲ ਡੀਲ ਕੀਤੀ ਹੈ, ਵਿਭਾਗ ਉਨ੍ਹਾਂ ਦਾ ਡਾਟਾ ਇਕੱਠਾ ਕਰ ਰਿਹਾ ਹੈ, ਜਿਸ ਤੋਂ ਸਾਫ ਹੈ ਕਿ ਆਮਦਨ ਟੈਕਸ ਵਿਭਾਗ ਦਾ ਅਗਲਾ ਨਿਸ਼ਾਨਾ ਪ੍ਰਾਪਰਟੀ ਡੀਲਰ ਹੋਣਗੇ।

ਸਾਰੀ ਕਾਰਵਾਈ ਖਤਮ ਹੋਣਮਗਰੋਂ ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਛਾਪੇ ਵਿਚ ਕੁਝਨਹੀਂ ਮਿਲਿਆ, ਸਾਡਾ ਪੂਰਾ ਕਾਰੋਬਾਰ ਜਾਇਜ਼ ਹੈ ਅਤੇ ਨਿਯਮਾਂ ਮੁਤਾਬਕ ਪਾਰਦਰਸ਼ੀ ਢੰਗ ਨਾਲ ਚਲਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ 1999 ਵਿਚ ਵੀ ਇਸੇ ਤਰ੍ਹਾਂਦੇ ਛਾਪੇ ਵਿੱਚ ਮੈਂ ਨਿਰਦੋਸ਼ ਸਾਬਤ ਹੋਇਆ ਸੀ। ਸਾਨੂੰ ਜਾਇਦਾਦਾਂ ਆਪਣੇ ਵੱਡਿਆਂ ਤੋਂ ਮਿਲੀਆਂ ਹਨ ਅਤੇ ਇਕ ਤੋਂ ਦੂਸਰੀ ਪੀੜ੍ਹੀ ਨੂੰ ਆ ਰਹੀਆਂ ਹਨ। ਕੁਝ ਦਸਤਾਵੇਜ਼ਾਂ ਤੋਂ ਇਲਾਵਾ ਵਿਭਾਗ ਨੇ ਸੋਨਾ, ਨਕਦੀ ਜਾਂ ਕੋਈ ਬੈਂਕ ਲਾਕਰ ਜਾਂ ਖਾਤਾ ਸੀਲ ਜਾਂ ਜ਼ਬਤ ਨਹੀਂ ਕੀਤਾ। ਇਆਲੀ ਨੇ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮੈਨੂੰ ਪ੍ਰੇਸ਼ਾਨ ਕਰਨ ਦਾ ਯਤਨ ਕੀਤਾ ਗਿਆ ਹੈ, ਕਿਉਂਕਿ ਮੈਂ ਕਿਸਾਨ ਸੰਘਰਸ਼ ਦੀ ਹਮਾਇਤ ਕਰਦਾ ਹਾਂ, ਪਰ ਮੈਂ ਡਰਨ ਵਾਲਾ ਨਹੀਂ, ਕਿਸਾਨਾਂ ਦੀ ਹਮਾਇਤ ਕਰਦਾ ਰਹਾਂਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨ੍ਹਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਜ਼ਰੂਰ ਜਾਣੋ; ਗਿਆਨ ਗੰਗਾ
|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਗਿਆਨ ਗੰਗਾ
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਲਖੀਮਪੁਰ ਖੀਰੀ ਕੇਸ: ਜਾਂਚ ਦੀ ਨਿਗਰਾਨੀ ਪੰਜਾਬ ਹਰਿਆਣਾ ਹਾਈਕੋਰਟ ਦੇ ਸਾਬਕਾ ਜੱਜ ਆਰ ਕੇ ਜੈਨ ਕਰਨਗੇ



ਨਵੀਂ ਦਿੱਲੀ, 17 ਨਵੰਬਰ, (ਪੋਸਟ ਬਿਊਰੋ)- ਤਿੰਨ ਅਕਤੂਬਰ ਨੂੰ ਲਖੀਮਪੁਰ ਖੀਰੀ ਵਿੱਚ ਕੇਂਦਰੀ ਮੰਤਰੀ ਦੇ ਪੁੱਤਰ ਵੱਲੋਂਤਿੰਨ ਕਿਸਾਨਾਂ ਨੂੰ ਜੀਪ ਹੇਠ ਕੁਚਲ ਦੇਣ ਤੇ ਇੱਕ ਪੱਤਰਕਾਰ ਦੀ ਮੌਤ ਦੇ ਬਾਅਦ ਤਿੰਨ ਭਾਜਪਾ ਵਰਕਰਾਂ ਦੀ ਮੌਤ ਦੇ ਮਾਮਲੇ ਵਿੱਚ ਪਾਰਦਰਸ਼ਤਾ ਅਤੇ ਪੂਰੀ ਨਿਰਪੱਖਤਾ ਨਾਲ ਜਾਂਚ ਦੀ ਨਿਗਰਾਨੀ ਲਈ ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਰਾਕੇਸ਼ ਕੁਮਾਰ ਜੈਨ ਨੂੰ ਨਿਯੁਕਤ ਕੀਤਾ ਹੈ। ਇਸ ਦੇ ਨਾਲ ਸੁਪਰੀਮ ਕੋਰਟ ਨੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨਵੀਂ ਬਣਾ ਕੇ ਇਸ ਵਿੱਚ 3 ਸੀਨੀਅਰ ਆਈਪੀ ਐਸ ਅਫਸਰ ਐਸ ਬੀ ਸ਼ਿਰੋਡਕਰ, ਦੀਪਇੰਦਰ ਸਿੰਘ ਅਤੇ ਪਦਮਜਾ ਚੌਹਾਨ ਦੇ ਨਾਂ ਸ਼ਾਮਲ ਕੀਤੇ ਹਨ। ਮਿਲੀ ਜਾਣਕਾਰੀ ਅਨੁਸਾਰ ਚਾਰਜਸ਼ੀਟ ਦਾਇਰ ਕਰਨ ਤੇ ਸੇਵਾਮੁਕਤ ਜੱਜ ਤੋਂ ਰਿਪੋਰਟ ਆਉਣ ਪਿੱਛੋਂ ਸੁਪਰੀਮ ਕੋਰਟ ਇਸ ਦੀ ਸੁਣਵਾਈ ਕਰੇਗੀ।ਲਖੀਮਪੁਰ ਖੀਰੀ ਕੇਸ ਦੀ ਜਾਂਚ ਦੇ ਲਈ ਨਿਯੁਕਤ ਹੋ ਜਸਟਿਸ ਆਰ ਕੇ ਜੈਨ ਦਾ ਜਨਮ 1 ਅਕਤੂਬਰ 1958 ਨੂੰ ਹਿਸਾਰ ਵਿੱਚਹੋਇਆ ਸੀ, ਉਨ੍ਹਾਂ ਦੇ ਪਿਤਾ, ਗੁਲਾਬ ਸਿੰਘ ਜੈਨ, ਇਨਕਮ ਟੈਕਸ ਵਕੀਲ ਤੇ 1972-1977 ਤੱਕ ਹਿਸਾਰ ਤੋਂ ਵਿਧਾਇਕ ਰਹੇ ਸਨ।ਆਰ ਕੇ ਜੈਨ ਮਈ 1982 ਵਿੱਚ ਪੰਜਾਬ ਹਰਿਆਣਾ ਦੀ ਬਾਰ ਕੌਂਸਲ ਵਿੱਚ ਵਕੀਲ ਬਣੇ ਅਤੇ 25 ਸਾਲ ਪ੍ਰੈਕਟਿਸ ਪਿੱਛੋਂ 5 ਦਸੰਬਰ 2007 ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜਬਣਾਏ ਗਏ ਅਤੇ 30 ਸਤੰਬਰ 2020 ਨੂੰ ਸੇਵਾਮੁਕਤ ਹੋਏ ਸਨ।

# ਮਨਜੀਤ ਸਿੰਘ ਜੀ ਕੇ ਨੇ ਕਿਹਾ: ਗੋਲਕ ਦੀ ਠੱਗੀ ਕਰਦੇ ਮਨਜਿੰਦਰ ਸਿੰਘ ਸਿਰਸਾ ਰੰਗੇ ਹੱਥੀਂ ਕਾਬੂ ਆ ਗਏ

ਜਲੰਧਰ, 17 ਨਵੰਬਰ (ਪੋਸਟ ਬਿਊਰੋ)- ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ 'ਝੂਠਿਆਂ ਦਾ ਸਿਰਤਾਜ' ਕਰਾਰ ਦਿੱਤਾ ਅਤੇ ਸਿਰਸਾ ਵੱਲੋਂ ਬੋਲੇ ਗਏ ਝੂਠ ਦਾ ਲੜੀਵਾਰ ਜਵਾਬ ਦੇਂਦਿਆਂ ਕੱਲ੍ਹ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਦਿੱਲੀ ਕਮੇਟੀ ਦੇ ਖਜ਼ਾਨੇ ਵਿੱਚ 63 ਲੱਖ ਰੁਪਏ ਦੀ ਰਕਮ ਘੱਟ ਹੋਣ ਦੀ ਸਫ਼ਾਈ ਦੇਣ ਸਮੇਂ ਸਿਰਸਾ ਨੇ ਹਰ ਗੱਲ ਵਿੱਚ ਝੂਠ ਬੋਲਿਆ ਜਾਂ ਅਧੂਰਾ ਸੱਚ ਬੋਲ ਕੇ ਸੰਗਤਾਂ ਨੂੰ ਗੁੰਮਰਾਹ ਕੀਤਾ, ਇਸਦੇ ਬਾਵਜੂਦ ਉਹ ਰੰਗੇ ਹੱਥ ਫੜੇ ਗਏ ਹਨ। ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ ਆਖਦੇ ਹਨ ਕਿ ਵਿਰੋਧੀ ਧਿਰ ਵਾਲੇ ਕਮੇਟੀ ਉੱਤੇ ਕਬਜ਼ਾ ਕਰਨ ਆਏ ਸਨ, ਪਰ ਸਾਰਿਆਂ ਨੂੰ ਪਤਾ ਹੈ ਕਿ ਸਿਰਸਾ ਦਾ ਖੁਦ ਦਾ ਇਤਿਹਾਸ ਠੱਗੀ ਮਾਰਨ ਤੇ ਦੂਜਿਆਂ ਦੀਆਂ ਜ਼ਮੀਨਾਂ ਉੱਤੇ ਜ਼ਬਰੀ ਕਬਜ਼ਾ ਕਰਨ ਵਰਗੀਆਂ ਕਾਰਵਾਈਆਂ ਨਾਲ ਜੁੜਿਆ ਹੈ।ਉਨ੍ਹਾਂ ਕਿਹਾ ਕਿ ਖਜ਼ਾਨੇ ਵਿੱਚ ਪੈਸਾ ਘੱਟ ਹੋਣ ਬਾਰੇ ਆਪਣੀ ਠੱਗੀ ਉੱਤੇ ਪਰਦਾ ਪਾਉਣ ਲਈ ਸਿਰਸਾ ਨੇ ਦਾਅਵਾ ਕੀਤਾ ਕਿ ਖਜ਼ਾਨੇ ਵਿੱਚ ਕੈਸ਼ ਪੂਰਾ ਤੇ ਠੀਕ ਸੀ। ਉਨ੍ਹਾਂ ਦੱਸਿਆ ਕਿ ਜਦੋਂ ਮੈਂਬਰਾਂ ਨੇ 63 ਲੱਖ ਕੈਸ਼ ਘੱਟ ਹੋਣ ਬਾਰੇ ਕਮੇਟੀ ਅਧਿਕਾਰੀਆਂ ਤੋਂ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਇਹ ਪੈਸਾ ਬੈਂਕ ਭੇਜਿਆ ਹੈ, ਪਰ ਸੱਚਾਈ ਇਹ ਹੈ ਕਿ ਕੱਲ੍ਹ ਬੈਂਕ ਬੰਦ ਸੀ, ਜਿਸ ਦੀ ਪੁਸ਼ਟੀ ਫ਼ੋਨ ਉੱਤੇ ਉਸ ਬੈਂਕ ਦੇ ਚਪੜਾਸੀ ਨੇ ਕਰ ਦਿੱਤੀ। ਉਨ੍ਹਾਂ ਕਿਹਾ ਕਿ ਬੈਂਕ ਵਿੱਚ ਜਮ੍ਹਾ ਕਰਵਾਉਣ ਲਈ ਖਜ਼ਾਨੇ ਵਿੱਚੋਂ 63 ਲੱਖ ਰੁਪਏ ਕੱਢਣ ਸਮੇਂ ਦੀ ਸੀ ਸੀ ਟੀ ਵੀ ਫੁਟੇਜ਼ ਮੰਗੀ ਤਾਂ ਕਮੇਟੀ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਜੇ ਫੁਟੇਜ਼ ਨਹੀਂ ਵਿਖਾ ਸਕਦੇ ਤਾਂ ਇਹੀ ਦੱਸ ਦਿੰਦੇ ਕਿ ਉਹ 63 ਲੱਖ ਰੁਪਏ ਕਿੱਥੇ ਗਏ? ਉਨ੍ਹਾ ਕਿਹਾ ਕਿ ਜੇ ਉਸ ਦਿਨ ਕੈਸ਼ ਪੂਰਾ ਹੁੰਦਾ ਤਾਂ ਮਨਜਿੰਦਰ ਸਿੰਘ ਸਿਰਸਾ ਨੇ ਝੱਟ ਲਾਈਵ ਹੋ ਕੇ ਦਾਅਵਾ ਕਰਨਾ ਸੀ, ਪਰ ਸਾਰਾ ਦਿਨ ਅਤੇ ਰਾਤ ਸਿਰਸਾ ਇਸ ਨੂੰ ਮੈਨੇਜ ਕਰਨਲੱਗੇ ਰਹੇ ਅਤੇ ਜਨਰਲ ਸੈਕਟਰੀ ਹਰਮੀਤ ਸਿੰਘ ਕਾਲਕਾ ਵੀ ਸਾਰਾ ਦਿਨ ਗਾਇਬ ਰਹੇ। ਉਨ੍ਹਾਂ ਨੇ ਕਿਹਾ ਕਿ ਬੀਤੇ ਸਮੇਂ ਵਿੱਚਸਿਰਸਾ ਟੀਮ ਨੇ ਡੀਲਾਇਟ ਕੰਪਨੀ ਤੋਂ ਆਡਿਟ ਕਰਵ-ਾਇਆ ਸੀ, ਪਰ ਉਹ ਆਡਿਟ ਇਨ੍ਹਾਂ ਨੇ ਅੱਜ ਤੱਕ ਪੇਸ਼ ਨਹੀਂ ਕੀਤਾ, ਕਿਉਂਕਿ ਆਡਿਟ ਕੰਪਨੀ ਨੇ ਸਿਰਸਾ ਟੀਮ ਦੀਆਂ ਚੋਰੀਆਂ ਤੇ ਠੱਗੀਆਂ ਫੜ ਲਈਆਂ ਸਨ। ਇਸ ਮੌਕੇ 38 ਲੱਖ ਰੁਪਏ ਦੇ ਪੁਰਾਣੇ ਨੋਟਾਂ ਦਾ ਜ਼ਿਕਰ ਕਰਦੇ ਹੋਏ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਸਾਡੇ ਕਾਰਜਕ-ਾਲ ਸਮੇਂ ਇਸ ਰਕਮ ਨੂੰ ਬਦਲਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਸੀ ਅਤੇ ਰਿਜ਼ਰਵ ਬੈਂਕ ਨਾਲ ਵੀ ਸੰਪਰਕ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਾਡੇ ਅਸਤੀਫ਼ਾ ਦੇਣ ਪਿੱਛੋਂ ਸਿਰਸਾ ਨੇ 2018 ਤੋਂ ਇਸ ਬਾਰੇ ਕੋਈ ਕਦਮ ਕਿਉਂ ਨਾ ਚੁੱਕਿਆ, ਜਦਕਿ ਉਹ ਖੁਦ ਵਿਧਾਇਕ ਸਨ ਤੇ ਭਾਜਪਾ ਨਾਲ ਗਠਜੋੜ ਸੀ ਤੇ ਹਰਸਿਮਰਤ ਕੌਰ ਬਾਦਲ ਕੇਂਦਰੀ ਮੰਤਰੀ ਸਨ, ਫਿਰ ਵੀ ਇਹ ਰਕਮ ਬਦਲਾਉਣ ਦੀ ਕੋਸ਼ਿਸ਼ ਕਿਉਂ ਨਾ ਕੀਤੀ ਗਈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸਰਨਾ ਭਰਾਵਾਂ ਅਤੇ ਜੀ ਕੇ ਨੂੰ ਅਕਾਲ ਤਖਤ ਵਿਖੇ ਤਲਬ ਕਰਨ ਦੀ ਮੰਗ

ਤਲਵੰਡੀ ਸਾਬੋ, 17 ਨਵੰਬਰ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਦਫ਼ਤਰ ਵਿੱਚ ਹੋਏ ਵਿਵਾਦ ਦਾ ਮੁੱਦਾ ਕੱਲ੍ਹ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲ ਪੁੱਜ ਗਿਆ ਹੈ। ਇਸ ਬਾਰੇ ਦਿੱਲੀ ਕਮੇਟੀ ਦੇ ਇੱਕ ਵਫਦ ਨੇ ਜਥੇਦਾਰ ਨਾਲ ਮੁਲਾਕਾਤ ਦੌਰਾਨ ਸਰਨਾ ਭਰਾਵਾਂ ਅਤੇ ਮਨਜੀਤ ਸਿੰਘ ਜੀ ਕੇ ਵਿਰੁੱਧ ਇੱਕ ਸ਼ਿਕਾਇਤ ਸੌਂਪ ਕੇ ਉਨ੍ਹਾਂ ਨੂੰ ਤਲਬ ਕਰਨ ਦੀ ਮੰਗ ਕੀਤੀ ਹੈ। ਸੀਨੀਅਰ ਆਗੂ ਬੀਬੀ ਰਣਜੀਤ ਕੌਰ ਦੀ ਅਗਵਾਈ ਹੇਠ ਦਮਦਮਾ ਸਾਹਿਬ ਪੁੱਜੇਦਿੱਲੀ ਗੁਰਦੁਆਰਾ ਕਮੇਟੀ ਦੇ ਵਫਦ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਉਨ੍ਹਾਂ ਦੀ ਰਿਹਾਇਸ਼ ਵਿਖੇ ਮਿਲ ਕੇ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਕਮੇਟੀ ਦੇ ਸਾਬਕਾ ਮੈਂਬਰ ਕੁਲਵੰਤ ਸਿੰਘ ਬਾਠ, ਹਰਿੰਦਰਪਾਲ ਸਿੰਘ, ਜਤਿੰਦਰ ਸਿੰਘ ਸਾਹਨੀ ਤੇ ਕਈ ਹੋਰ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਕਮੇਟੀ ਦੇ ਦਫ਼ਤਰ ਪੁੱਜੇ ਅਤੇ ਖਜ਼ਾਨਚੀ ਤੋਂ ਜਬਰਨ ਕੈਸ਼ ਰਜਿਸਟਰ ਖੋਹ ਕੇ ਮੰਦੇ ਸ਼ਬਦ ਵਰਤਦੇ ਹੋਏ ਧਮਕਾਉਣ ਲੱਗੇ ਅਤੇ ਲਾਕਰ ਖੋਲ੍ਹਣ ਨੂੰ ਕਿਹਾ।ਕਮੇਟੀ ਪ੍ਰਬੰਧਕਾਂ ਦੇ ਨਿਰਦੇਸ਼ ਪਿੱਛੋਂ ਉਨ੍ਹਾਂ ਲੋਕਾਂ ਨੂੰ ਲਾਕਰ ਅਤੇ ਕੈਸ਼ ਰਜਿਸਟਰ ਚੈਕ ਕਰਵਾ ਦਿੱਤੇ, ਪਰ ਬਾਅਦ ਵਿੱਚ ਉਥੇ ਹਰਵਿੰਦਰ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀ ਕੇ ਆ ਗਏ ਅਤੇ ਸਟਾਫ ਨੂੰ ਧਮਕਾਉਣ ਲੱਗ ਪਏ। ਜਥੇਦਾਰ ਸ੍ਰੀ ਅਕਾਲ ਤਖਤ ਨੂੰ ਸੌਂਪੇ ਸ਼ਿਕਾਇਤ ਪੱਤਰ ਵਿੱਚ ਹਰਵਿੰਦਰ ਸਿੰਘ ਸਰਨਾ, ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀ ਕੇ ਸਮੇਤ ਕੁੱਲ 16 ਆਗੂਆਂ ਦੇ ਖ਼ਿਲਾਫ਼ ਧੱਕੇਸ਼ਾਹੀ ਕਰਨ ਅਤੇ ਮੰਦੀ ਸ਼ਬਦਾਵਲੀ ਵਰਤਣ ਦੇ ਦੋਸ਼ ਲਾਉਂਦਿਆਂ ਦਿੱਲੀ ਕਮੇਟੀ ਦੇ ਵਫਦ ਨੇ ਮੰਗ ਕੀਤੀ ਕਿ ਉਕਤ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਤਲਬ ਕਰਕੇ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ।

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਇੱਕ ਖਤ ਬਾਬਾ ਨਾਨਕ ਦੇਵ ਜੀ ਦੇ ਨਾਮ


ਪਿਆਰੇ ਬਾਬਾ ਸ੍ਰੀ ਗੁਰੁ ਨਾਨਕ ਦੇਵ ਜੀ, ਸਭ ਤੋਂ ਪਹਿਲਾ ਆਪ ਜੀ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।ਉਮੀਦ ਹੈ ਕਿ ਤੁਸੀਂ ਜਿੱਥੇ ਵੀ ਹੋਵੇਗੇ, ਠੀਕ ਹੋਵੇਗੇ ਅਤੇ ਸਾਨੂੰ ਧਰਤੀ ਵਾਸੀਆਂ ਨੂੰ ਯਾਦ ਕਰਦੇ ਹੋਵ-ੋਗੇ।ਅਸੀ ਵੀ ਤੁਹਾਨੂੰ ਰੋਜ਼ ਯਾਦ ਕਰਦੇ ਹਾਂ, ਤੁਹਾਡੀ ਦਿੱਤੀਆਂ ਸਿੱਖਿਆਵਾਂ ਤੇ ਚੱਲਣ ਦਾ ਯਤਨ ਵੀ ਕਰ ਰਹੇ ਹਾਂ।

ਹੁਣ ਸਾਲ 2020 ਚੱਲ ਰਿਹਾ ਹੈ, ਧਰਤੀ ਤੇ ਤੁਹਾਡੇ ਜਾਣ ਤੋਂ ਬਾਅਦ ਬੜਾ ਕੁੱਝ ਬਦਲ ਗਿਆ ਹੈ ।ਅਸੀ ਤੁਹਾਡਾ 550ਵਾਂ ਜਨਮ ਦਿਹਾੜਾ ਵੀ ਬਹੁਤ ਵੱਡੀ ਪੱਧਰ ਤੇ ਮਨਾ ਲਿਆ ਹੈ।ਤੁਹਾਡੇ ਨਾਮ ਤੇ ਬਹੁਤ ਵੱਡੇ ਵੱਡੇ ਸਮਾਗਮ ਹੋਏ ਹਨ, ਜਿਹਨਾਂ ਵਿੱਚ ਤੁਹਾਡੀ ਸਿੱਖਿਆਵਾਂ ਨੂੰ ਆਮ ਲੋਕਾਂ ਤੱਕ ਪਾਹੁੰਚਾਉਣ ਦਾ ਯਤਨ ਕੀਤਾ ਗਿਆ ਹੈ।

ਤੁਸੀਂ ਜਿਹੜਾਂ 20 ਰੁਪਏ ਨਾਲ ਲੰਗਰ ਸੁਰੂ ਕੀਤਾ ਸੀ, ਉਹ ਅੱਜ ਸਾਰੀ ਦੁਨੀਆਂ ਵਿੱਚ ਤੁਹਾਡੀ ਕੌਮ ਵੱਲੋਂ ਵਰਤਾਇਆ ਜਾ ਰਿਹਾ ਹੈ।"ਖਾਲਸਾ ਐਡ" ਵਾਲਿਆਂ ਵਰਗੇ ਤੇਰੇ ਸੱਚੇ ਸਿੱਖ ਬਗੈਰ ਕਿਸੇ ਭੇਦ ਭਾਵ ਦੇ ਸਾਰੀ ਦੁਨੀਆਂ ਵਿੱਚ ਦੀਨ-ਦੁਖੀਆਂ ਦੀ ਸੇਵਾ ਕਰ ਰਹੇ ਹਨ।ਬਾਬਾ ਜੀ ਜਦੋਂ ਕਰੋਣਾ ਮਹਾਂਮਾਰੀ ਨੇ ਸਾਰੀ ਦੁਨੀਆਂ ਨੂੰ ਬੰਦ ਕਰਾ ਦਿੱਤਾ ਸੀ ਤਾਂ ਬਹੁਤ ਸਾਰੇ ਦੁਕਾਨਦਾਰ ਵੀਰ ਜਰੂਰਤ ਦੀਆਂ ਚੀਜਾਂ ਮਹਿੰਗੇ ਮੁੱਲ ਵਿੱਚ ਵੇਚ ਕੇ " ਜਾਲਮ" ਹੋਣ ਦਾ ਸਾਬੂਤ ਦੇ ਰਹੇ ਸਨ ਤਾਂ ਤੇਰੇ ਸੱਚੇ ਸਿੱਖ ਆਪਣੇ ਪੱਲੇ ਤੋਂ ਪੈਸੇ ਖਰਚ ਕੇ ਭੁੱਖੇ ਲੋਕਾਂ ਲਈ ਸਾਰੀ ਦੁਨੀਆਂ ਵਿੱਚ ਮੁੱਫਤ ਵਿੱਚ ਲੰਗਰ ਲਗਾ ਕੇ ਮਾਨਵਤਾ ਦੀ ਅਸਲੀ ਸੇਵਾ ਕਰ ਰਹੇ ਸਨ, ਜਿਸ ਤੇ ਹਰ ਸਿੱਖ ਨੂੰ ਹਮੇਸਾਂ ਮਾਣ ਰਹੇਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਥਾਪਿਆ ਗਿਆ ਸੀ ਤੇ ਹੁਕਮ ਦਿੱਤਾ ਸੀ ਕਿ ਹਰ ਸਿੱਖ ਦਾ ਸਿਰ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਅੱਗੇ ਨਾ ਝੁੱਕੇ।ਪਰ ਅੱਜ ਦਾ ਸਿੱਖ ਸਾਧਾਂ ਦੇ ਡੇਰਿਆਂ ਤੇ ਮੱਥਾ ਰੱਗੜਦਾ ਫਿਰ ਰਿਹਾ ਹੈ ਜੋ ਕਿ ਸਾਡੇ ਲਈ ਸਰਮ ਵਾਲੀ ਗੱਲ ਹੈ।ਸਾਡੇ ਗੁਰੁਆਂ ਨੂੰ ਸਾਨੂੰ ਨਿੰਦਾ ਚੁਗਲੀ ਛੱਡਣ ਦੀ ਨਸੀਹਤ ਦਿੱਤੀ ਸੀ, ਪਰ ਅਸੀ ਅੰਡਾਂ,ਮੀਟ, ਸਰਾਬ ਆਦਿ ਨੂੰ ਛੱਡ ਕੇ ਆਪਣੇ ਆਪ ਨੂੰ ਸੱਚੇ ਸਿੱਖ ਸਮਝਨ ਲੱਗ ਗਏ ਹਾਂ।ਜਿਸ ਔਰਤ ਬਾਰੇ ਤੁਸੀਂ ਕਿਹਾ ਸੀ ਕਿ " ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ" ਅੱਜ ਉਹਨਾਂ ਔਰਤਾਂ ਦੇ ਹੋ ਰਹੇ ਅਪਮਾਨ ਦੀਆਂ ਖਬਰਾਂ ਨਿੱਤ ਅਖਵਾਰਾਂ ਵਿੱਚ ਛਪ ਰਹੀਆਂ ਹਨ।ਕੁੜੀਆਂ ਨੂੰ ਜਨਮ ਤੋਂ ਪਹਿਲਾਂ ਅੱਜ ਵੀ ਮਾਰਿਆ ਜਾ ਰਿਹਾ ਹੈ।

ਤੁਸੀਂ ਆਪਣੇ ਚਾਹੁਣ ਵਾਲਿਆਂ ਨੂੰ ਕਿਰਤ ਕਰੋ, ਵੰਡ ਛੱਕੋ ਬਾਰੇ ਦੱਸਿਆ ਸੀ, ਬੇਈਮਾਨੀ ਦੀ ਰੋਟੀ ਚੋ ਖੂਨ ਕੱਢ ਕੇ ਤੁਸੀ ਸੱਚੀ-ਸੁੱਚੀ ਕਿਰਤ ਕਰਨ ਦਾ ਉਪਦੇਸ਼ ਵੀ ਦਿੱਤਾ ਸੀ, ਪਰ ਅੱਜ ਬਹੁਤ ਸਾਰੇ ਲੋਕਾਂ ਨੇ ਤੁਹਾਡੇ ਨਾਮ ਤੇ ਦੁਕਾਨਦਾਰੀਆਂ ਸੁਰੂ ਕਰ ਲਈਆਂ ਹਨ ਜਿਵੇਂ ਕਿ " ਗੁਰੁ ਨਾਨਕ ਪਬਲਿਕ ਸਕੂਲ/ਕਾਲਜ" , "ਗੁਰੁ ਨਾਨਕ ਸਵੀਵਸ ਜਾਂ ਗੁਰੁ ਨਾਨਕ ਡੇਅਰੀ" ਆਦਿ।ਤੁਹਾਡੇ ਨਾਮ ਤੇ ਹੋਰ ਵੀ ਬਹੁਤ ਸਾਰੀਆਂ ਦੁਕਾਨਦਾਰੀਆਂ ਚੱਲ ਰਹੀਆਂ ਹਨ, ਜਿੰਨਾਂ ਵਿੱਚ ਜਿਆਦਾਤਰ ਝੂਠ ਦਾ ਸੌਦਾ ਹੀ ਵੇਚਿਆ ਜਾ ਰਿਹਾ ਹੈ।ਇਹਨਾਂ ਸਕੂਲਾਂ/ ਕਾਲਜਾਂ ਵਿੱਚ ਮਹਿੰਗੀਆਂ ਫੀਸਾਂ ਲੈਕੇ ਬੱਚਿਆ ਨੂੰ ਪੜਾਇਆ ਜਾ ਰਿਹਾ ਹੈ , ਜਿਸ ਕਰਕੇ ਗਰੀਬਾਂ ਦੇ ਬੱਚਿਆਂ ਨੂੰ ਸਿੱਖਿਆ ਲੈਣੀ ਮੁਸਕਿਲ ਹੋਈ ਪਈ ਹੈ।ਖਾਣ ਪੀਣ ਦੀਆਂ ਦੁਕਾਨਾ ਉੱਤੇ ਤੁਹਾਡੇ ਨਾਮ ਤੇ ਖੁੱਲੇ ਹੋਟਲਾਂ ਵਿੱਚ ਨਕਲੀ ਮਠਿਆਈ ,ਨਕਲੀ ਦੁੱਧ, ਨਕਲੀ ਦਹੀਂ, ਨਕਲੀ ਪਨੀਰ ਆਦਿ ਵੇਚ ਕੇ ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ



ਰਿਹਾ ਹੈ।ਸਾਡੇ ਕਿਸਾਨ ਵੀਰ ਕਿਹੜਾ ਘੱਟ ਹਨ, ਸਿਰਫ ਵੱਧ ਮੁਨਾਫਾ ਲੈਣ ਲਈ ਉਹ ਵੀ ਅੱਜ ਸਿਰਫ ਰੇਹਾਂ ਸਪਰੇਹਾਂ ਨਾਲ ਹੀ ਖੇਤੀਬਾੜੀ ਕਰਕੇ ਸਾਨੂੰ ਜ਼ਹਿਰ ਹੀ ਪਰੋਸ ਰਹੇ ਹਨ, ਜਿਹਨਾਂ ਕਰਕੇ ਆਪਣਾ ਰੰਗਲਾ ਪੰਜਾਬ



ਗੁਰਪ੍ਰੀਤ ਸਿੰਘ
ਵਿੱਕੀਪਿੰਡ ਤੇ ਡਾਕ
ਬਡਾਲੀ ਆਲਾ ਸਿੰਘ
ਜਿਲਾ ਫਤਿਹਗੜ੍ਹ
ਸਾਹਿਬ
8284888700

ਅੱਜ ਬਿਮਾਰੀਆਂ ਦਾ ਘਰ ਬਣਦਾ ਜਾ ਰਿਹਾ ਹੈ।ਬਹੁਤ ਸਾਰੇ ਨੇਤਾ ਸਾਨੂੰ ਬੁੱਧੂ ਬਣਾ ਕੇ ਸਾਡੇ ਤੇ ਰਾਜ ਕਰੀ ਜਾ ਰਹੇ ਹਨ, ਅਸੀਂ ਹਰ ਵਾਰ ਉਹਨਾਂ ਦੇ ਲਾਰਿਆਂ ਨੂੰ ਸੱਚ ਮੰਨ ਕੇ ਉਹਨਾਂ ਤੇ ਯਕੀਨ ਕਰ ਲੈਦੇ ਹਾਂ,ਤੇ ਫਿਰ ਪਛਤਾਉਦੇ ਰਹਿੰਦੇ ਹਾਂ, ਕਿਉਕਿ ਅਸੀਂ ਤੁਹਾਡੇ ਵਾਗੂੰ ਤਰਕ ਕਰਨਾ ਤਾਂ ਤਕਰੀਬਨ ਬੰਦ ਹੀ ਕਰ ਦਿੱਤਾ ਹੈ ਜੀ।

ਆਪ ਨੇ ਤੀਰਥਾਂ ਤੇ ਨਹਾਉਣ ਨੂੰ ਅੰਧ ਵਿਸਵਾਸ ਦੱਸਿਆ ਸੀ, ਪਰ ਸਾਡੇ ਧਰਮ ਦੇ ਕਈ ਪ੍ਰਚਾਰਕ ਸਰੋਵਰਾਂ ਵਿੱਚ ਨਹਾਉਣ ਨਾਲ ਹੀ ਪਾਪ ਉੱਤਰਨ ਦੀਆਂ ਦਲੀਲਾਂ ਦੇਈ ਜਾਦੇ ਹਨ।ਸਿੱਖ ਧਰਮ ਦੇ ਵੱਡੇ ਤੀਰਥ ਅਸਥਾਨਾਂ ਦੇ ਬਾਹਰ ਪਾਣੀ ਵਾਲੀਆਂ ਪੀਪੀਆਂ ਸਰੇਆਮ ਵਿੱਕ ਰਹੀਆਂ ਹਨ , ਜਿਹਨਾਂ ਵਿੱਚ ਸਰੋਵਰ ਦੇ ਜਲ ਨੂੰ ਘਰ ਲੈਕੇ ਜਾਇਆ ਜਾਂਦਾ ਹੈ।ਕਈ ਵੱਡੇ ਗੁਰਦੁਆਰਿਆਂ ਦੇ ਅੰਦਰ ਪਸ਼ਾਦ ਵੀ ਪੈਸ਼ੇ ਦੇ ਹਿਸਾਬ ਨਾਲ ਮਿਲਦਾ ਹੈ, ਘੱਟ ਪੈਸੇ ਦੇਣ ਵਾਲੇ ਨੂੰ ਆਮ ਪ੍ਰਸਾਦ , ਵੱਧ ਪੈਸੇ ਦੇਣ ਤੇ ਪਿੰਨੀ ਦਾ ਪ੍ਰਸਾਦ ਜਾਂ ਸਿਰੋਪਾ ਆਦਿ ਮਿਲਦਾ ਹੈ, ਇਹ ਸਭ ਵੇਖ ਕੇ ਇੱਕ ਗਰੀਬ ਸ਼ਰਧਾਵਾਨ ਸਰਧਾਲੂ ਦੇ ਦਿਲ ਤੇ ਕੀ ਬੀਤਦੀ ਹੋਣੀ? ਕਿਤੇ ਗੁਰੂਆਂ ਦੀਆਂ ਖੜਾਵਾਂ ਨੂੰ ਮੱਥਾ ਟੇਕਵਾਇਆ ਜਾ ਰਿਹਾ ਹੈ ਕਿਤੇ ਕਿਸੇ ਦਰੱਖਤ ਨੂੰ , ਇਹਨਾਂ ਕੋਲ ਪੈਸੇ ਦੀ ਉਹਰਾਈ ਕਰਨ ਲਈ ਵੱਡੇ ਵੱਡੇ ਗੋਲਕ ਵੀ ਰੱਖ ਦਿੱਤੇ ਗਏ ਹਨ, ਜਿਸ ਨਾਲ ਮੂਰਤੀਪੂਜਾ ਕਰਵਾ ਕੇ ਪੈਸੇ ਇਕੱਠੇ ਕੀਤੇ ਜਾ ਰਹੇ ਹਨ।

ਤੁਸੀਂ ਆਪ ਖੇਤੀ ਕਰਕੇ ਦੁਨੀਆਂ ਨੂੰ ਹੱਥੀ ਮਿਹਨਤ ਕਰਨ ਦਾ ਉਪਦੇਸ਼ ਦਿੱਤਾ ਸੀ, ਪਰ ਅੱਜ ਦਾ ਮਿਹਨਤੀ ਕਿਸਾਨ ਸਰਕਾਰਾਂ ਦੀ ਗਲਤ ਨੀਤੀਆਂ ਕਾਰਨ ਸੜਕਾਂ ਤੇ ਧਰਨੇ ਲਾਈ ਬੈਠਾ ਹੈ , ਪਰ ਫਿਰ ਵੀ ਬੇਸ਼ਰਮ ਸਰਕਾਰ ਨੂੰ ਮੀਂਹ, ਗਰਮੀ, ਸਰਦੀ ਚੋ ਬੈਠੇ ਸਾਡੇ ਕਿਸਾਨਾਂ ਤੇ ਤਰਸ ਨਹੀ ਆ ਰਿਹਾ ਹੈ। ਕ੍ਰਿਪਾ ਕਰਕ ਇਹਨਾਂ ਸਾਰੇ ਕਿਸਾਨਾਂ ਦੇ ਸਿਰ ਤੇ ਮਹਿਰ ਭਰਿਆ ਹੱਥ ਰੱਖਣਾ ਜੀ ਅਤੇ ਜੁਲਮ ਖਿਲਾਫ ਲੰਮੀ ਲੜਾਈ ਲੜਨ ਦਾ ਹੋਸਲਾ ਬਖਸਣਾਂ ਜੀ।

ਬਾਬਾ ਜੀ ਤੁਸੀਂ ਸਾਨੂੰ ਰੱਲ ਮਿਲ ਕੇ ਰਹਿਣ ਦਾ ਉਪਦੇਸ ਦਿੱਤਾ ਸੀ, ਪਰ ਅੱਜ ਧਰਮ ਦੇ ਨਾਮ ਤੇ ਲੋਕਾਂ ਦਾ ਕਤਲ ਕੀਤਾ ਜਾ ਰਿਹਾ ਹੈ।ਬੱਚਿਆਂ ਨੂੰ ਪੈਸੇ ਦੇ ਲਾਲਚ ਵਿੱਚ ਅਗਵਾ ਕਰਕੇ ਕਤਲ ਕੀਤਾ ਜਾ ਰਿਹਾ ਹੈ। ਪਖੰਡੀ ਬਾਬਿਆਂ ਨੇ ਥਾਂ-ਥਾਂ ਆਪਣੇ ਡੇਰੇ ਬਣਾ ਲਏ ਹਨ, ਜਿਹਨਾਂ ਦਾ ਕੰਮ ਲੋਕਾਂ ਨੂੰ ਪ੍ਰਮਾਤਮਾ ਨਾਲ ਜੋੜਨਾ ਨਹੀ, ਸਗੋਂ ਧਰਮ ਦੇ ਨਾਮ ਤੇ ਲੋਕਾਂ ਦੀ ਆਰਥਿਕ ਲੁੱਟ ਕਰਨੀ ਹੀ ਹੈ। ਕਈ ਪੜੇ ਲ਼ਿਖੇ ਸਿੱਖ ਅਤੇ ਸਾਡੇ ਲੀਡਰ ਵੀ ਇਹਨਾਂ ਡੇਰਿਆਂ ਵਿੱਚ ਨੱਕ ਰਗੜਦੇ ਆਮ ਵੇਖੇ ਜਾ ਸਕਦੇ ਹਨ।

ਅਸੀਂ ਅੱਜ ਗੁਰਦਵਾਰੇ ਬਹੁਤ ਵਧੀਆਂ ਬਣਾ ਲਏ ਹਨ, ਆਮ ਲੋਕਾਂ ਵਿੱਚ ਇਹ ਭਰਮ ਹੈ ਕਿ ਤੁਸੀ ਸਿਰਫ ਗੁਰਦਵਾਰਾ ਸਾਹਿਬ ਦੀ ਪੱਥਰ ਦੀ ਇਮਾਰਤ ਵਿੱਚ ਹੀ ਰਹਿੰਦੇ ਹੋ। ਜਦ ਕਿ ਤੁਸੀ ਆਮ ਲੋਕਾਂ ਦੇ ਗੁਰੁ ਹੋ, ਆਮ ਲੋਕਾਂ ਵਿੱਚ ਵਿਰਚਦੇ ਸੀ, ਤੁਸੀ ਆਪਣੀ ਸਾਰੀ ਜਿੰਦਗੀ ਦੁਨੀਆਂ ਨੂੰ ਵਹਿਮਾਂ ਭਰਮਾਂ ਚੋ ਦੂਰ ਕਰਨ ਤੇ ਤਰਕ ਉੱਤੇ ਵਿਸ਼ਵਾਸ ਕਰਨ ਵਿੱਚ ਲੱਗਵਾ ਦਿੱਤੀ ਸੀ।ਪਰ ਲੋਕ ਅੱਜ ਵੀ ਵਹਿਮਾਂ ਭਰਮਾਂ ਵਿੱਚ ਫਸੇ ਹੋਏ ਹਨ।

ਕਹਿੰਦੇ ਹਨ ਕਿ ਇੱਕ ਵਾਰ ਗੁਰੂ ਗੋਬਿੰਦ ਸਿੰਘ ਜੀ ਦਾ ਘੋੜਾਂ ਤੰਬਾਕੂ ਦੇ ਖੇਤ ਵਿੱਚ ਨਹੀ ਗਿਆ ਸੀ। ਪਰ ਸਾਡੇ ਸਿੱਖ ਭਾਈ ਹੀ ਅੱਜ ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਵਿੱਚ ਪੋਸਤ ਦੀ ਖੇਤੀ ਦੀ ਮੰਗ ਕਰ ਰਹੇ ਹਨ।ਜੇਕਰ ਸਰਕਾਰ ਵੱਲੋਂ ਪੰਜਾਬ ਵਿੱਚ ਪੋਸਤ(ਅਫੀਮ) ਦੀ ਖੇਤੀ ਕਰਨ ਦੀ ਖੁੱਲ ਦੇ ਦਿੱਤੀ ਜਾਂਦੀ ਹੈ ਤਾਂ ਹੋ ਸਕਦਾ ਪੰਜਾਬ ਦੇ ਕਿਸਾਨਾਂ ਲਈ ਇਸਦੀ ਖੇਤੀ ਮੁਨਾਫਾ ਲੈ ਕੇ ਆਵੇ, ਉਹ ਖੁਸਹਾਲ ਵੀ ਹੋ ਜਾਣ, ਪਰ ਇਹ ਨਸਾਂ ਪੰਜਾਬ ਵਿੱਚ ਆਮ ਮਿਲਣ ਨਾਲ ਸਾਡੀਆਂ ਪੀੜ੍ਹੀਆਂ ਇਸਦੀਆਂ ਗੁਲਾਮ ਹੋ ਜਾਣਗੀਆਂ।ਸਾਡੇ ਬੱਚੇ ਇਸ ਦਾ ਸੇਵਨ ਆਮ ਕਰਨ ਲੱਗਣਗੇ।ਲੋਕ ਪੰਜਾਬ ਨੂੰ ਅਮਲੀਆਂ ਦਾ ਸੂਬਾ ਕਹਿ ਕੇ ਸੰਬੋਧਨ ਕਰਿਆ ਕਰਨਗੇ, ਜੋ ਕਿ ਸਾਡੇ ਲਈ ਸ਼ਰਮ ਦੀ ਗੱਲ ਹੋਵੇਗੀ।ਪੋਸਤ (ਅਫੀਮ) ਦੀ ਖੇਤੀ ਕਰਨ ਦੀ ਅਫਿਗਾਨਸਤਾਨ ਦੇਸ਼ ਵਧੀਆਂ ਉਦਾਰਨ ਹੈ, ਜਿਸਦੇ ਵਿੱਚ ਰਹਿਣ ਵਾਲੇ ਬੱਚੇ, ਬਜੁਰਗ, ਨੋਜਵਾਨ, ਔਰਤਾਂ ਸਭ ਇਸ ਨਸ਼ੇ ਨੇ ਆਪਣੀ ਲਪੇਟ ਵਿੱਚ ਲੈ ਲਏ ਹਨ, ਜਿਹਨਾਂ ਦੀ ਸੋਚਣ ਅਤੇ ਸਮਝਨ ਦੀ ਸਕਤੀ ਇਸ ਨਸ਼ੇ ਨੇ ਖਤਮ ਕਰਕੇ ਰੱਖੀ ਹੋਈ ਹੈ, ਉਹ ਦੇਸ਼ ਅੱਜ ਦੁਨੀਆਂ ਦਾ ਗਰੀਬ ਦੇਸ਼ ਬਣ ਚੁੱਕਾ ਹੈ, ਜਿਸਨੂੰ ਅੱਤਵਾਦ ਅੰਦਰੋਂ ਅੰਦਰੀ ਖਾ ਰਿਹਾ ਹੈ।ਇਸ ਦੇਸ਼ ਦੀ ਇਸ ਹਾਲਤ ਦਾ ਇੱਕ ਮੁੱਖ ਕਾਰਨ ਇਸ ਦੇਸ਼ ਵਿੱਚ ਕੀਤੀ ਜਾਂਦੀ ਪੋਸਤ (ਅਫੀਮ) ਦੀ ਖੇਤੀ ਹੀ ਹੈ।

ਪੰਜਾਬ ਅੱਜ ਬਹੁਤ ਮੁਸਕਿਲ ਦਿਨਾਂ ਦਾ ਸਾਹਮਣਾ ਕਰ ਰਿਹਾ ਹੈ। ਅੱਜ ਇਸਦੇ ਨੌਜਵਾਨ ਅਣਖ ਭੁੱਲਕੇ ਨਸ਼ਿਆ ਵਿੱਚ ਪੈ ਗਏ ਹਨ।ਪੌਣ ਪਾਣੀ ਵੀ ਅਸੀਂ ਆਪਣੀਆਂ ਗਲਤੀਆਂ ਕਰਕੇ ਬਹੁਤ ਜਿਆਦਾ ਖਰਾਬ ਕਰ ਲਿਆ ਹੈ।ਪੰਜਾਬ ਦੀ ਧਰਤੀ ਤੇ ਕਦੇ ਪਾਣੀ ਦੀ ਕੋਈ ਕਮੀ ਨਹੀ ਹੋਇਆ ਕਰਦੀ ਸੀ ਜਿਸ ਕਰਕੇ ਇਸਦਾ ਨਾਮ ਪੰਜ-ਆਬ ( ਪੰਜ ਦਰਿਆਵਾਂ ਦੀ ਧਰਤੀ) ਪਿਆ ਸੀ।ਪਰ ਸਮੇਂ ਸਮੇਂ ਤੇ ਸਰਕਾਰਾਂ ਦੀਆ ਗਲਤ ਨੀਤੀਆਂ ਅਤੇ ਸਾਡੀਆ ਆਪਣੀਆਂ ਗਲਤੀਆਂ ਕਾਰਨ ਸਾਡੇ ਪੰਜਾਬ ਦੀ ਧਰਤੀ ਹੁੱਣ ਬੰਜਰ ਬਣਨ ਦੇ ਰਸਤੇ ਤੇ ਅੱਗੇ ਵੱਧ ਰਹੀ ਹੈ।ਤਾਜੀਆਂ ਖੋਜਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਅਗਲੇ ਲਗਭੱਗ 25 ਸਾਲਾ ਵਿੱਚ ਧਰਤੀ ਹੇਠਲਾ ਪਾਣੀ ਖਤਮ ਹੋ ਜਾਵੇਗਾ ਅਤੇ ਇਹ ਧਰਤੀ ਬੰਜਰ ਹੋ ਜਾਵੇਗੀ।

ਪੰਜਾਬ ਦੀ ਧਰਤੀ ਨੂੰ ਬੰਜਰ ਕਰਨ ਵਿੱਚ ਮੁੱਖ ਹੱਥ ਸਾਡਾ ਸਭ ਦਾ ਹੈ। ਅਸੀ ਆਪਣੀ ਗਲਤ ਆਦਤਾਂ ਕਰਕੇ ਆਪਣੀਆਂ ਅਗਲੀ ਪੀੜੀ ਦਾ ਕਾਤਲ ਬਣਨ ਜਾ ਰਹੇ ਹਾਂ।ਸਰਕਾਰ ਚਾਹੇ ਤਾਂ ਇੱਕ ਦਿਨ ਵਿੱਚ ਝੋਨੇ ਆਦਿ ਤੇ ਰੋਕ ਲਾ ਸਕਦੀ ਹੈ, ਪਰ ਉਹ ਇਸ ਤਰਾਂ ਨਹੀ ਕਰੇਗੀ, ਜਿਸਦਾ ਇੱਕੋ ਇੱਕ ਕਾਰਨ ਕਿਸਾਨ ਵੋਟ ਬੈਂਕ ਹੈ। ਜੇਕਰ ਕੋਈ ਵੀ ਸਰਕਾਰ ਇਹਨਾਂ ਮੋਟਰਾਂ ਨੂੰ ਬਿੱਲ ਲਾਵੇਗੀ ਜਾਂ ਕਿਸਾਨਾ ਨੂੰ ਝੋਨੇ ਦੀ ਫਸਲ ਲਾਉਣ ਤੋਂ ਰੋਕੇਗੀ ਤਾਂ ਉਹਨਾਂ ਨੂੰ ਡਰ ਹੈ ਕਿ ਕਿਤੇ ਉਹਨਾਂ ਦੇ ਹੱਥੋਂ ਇਹ ਕਿਸਾਨ ਵੋਟ ਬੈਂਕ ਖਿਸਕ ਨਾ ਜਾਵੇ।ਪਰ ਸਰਕਾਰ ਇਹ ਵੀ ਤਾਂ ਸੋਚੇ ਜੇਕਰ ਕਲ ਨੂੰ ਸਾਡੇ ਲੋਕ ਹੀ ਨਾ ਰਹੇ ਤਾਂ ਉਹਨਾਂ ਨੂੰ ਵੋਟਾਂ ਕੋਣ ਪਾਵੇਗਾ?

ਸੋ ਮੇਰੀ ਆਪ ਜੀ ਨੂੰ ਬੇਨਤੀ ਹੈ ਅੱਜ ਫਿਰ ਸਾਰੀ ਦੁਨੀਆਂ ਵਿੱਚ ਝੂਠ ਦਾ ਬੋਲਬਾਲਾ ਹੈ, ਤੁਹਾਡੇ ਸਿੱਖ ਤੁਹਾਡੇ ਦਿੱਤੇ ਸਿਧਾਤਾਂ ਤੋਂ ਭਟਕ ਰਹੇ ਹਨ।ਸੋ ਮੇਰੀ ਆਪ ਜੀ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਤੁਸੀ ਇਸ ਧਰਤੀ ਤੇ ਫਿਰ ਆਉ ਅਤੇ ਆਪਣੇ ਭਟਕ ਚੁੱਕੇ ਸਿੱਖਾਂ ਨੂੰ ਸਿੱਧੇ ਰਸਤੇ ਪਾਊ ਜੀ।

# ਸਮਰਪਿਤ ਹਾਂ ਅਸੀਂ, ਦਿਖਾਵੇ ਨੂੰ !

ਇਕ ਛੋਟੀ ਜਿਹੀ ਕਹਾਣੀ ਸੁਣਾਉਂਦਾ ਆਂ, ਕਿਸੇ ਪਿੰਡ ਚ ਸੁਰਿੰਦਰ ਸਿੰਘ ਉਰਫ ਛਿੰਦਾ ਨਾਮ ਦਾ ਸ਼ਖਸ ਸੀ, ਘਰ ਦੇ ਹਾਲਾਤ ਤਾਂ ਨਰਮ ਈ ਰਹਿੰਦੇ ਸਨ ਪਰ ਛਿੰਦਾ ਦਿਖਾਵਾ ਕਰਨ ਦੀ ਬੀਮਾਰੀ ਤੋਂ ਪੀੜ੍ਹਤ ਸੀ। ਕਿਸੇ ਛੜੇ ਦਾ ਰਿਸ਼ਤਾ, ਛਿੰਦੇ ਨੇਂ ਆਪਣੀ ਕਰਾਮਾਤ ਨਾਲ ਸਿਰੇ ਚਾੜ੍ਹ ਦਿੱਤਾ ਤਾਂ ਅਗਲਿਆਂ ਨੇ ਵੀ ਸੋਨੇ ਦਾ ਕੜਾ ਪਾ ਕੇ ਛਿੰਦੇ ਦਾ ਮੁੱਲ ਤਾਰਤਾ, ਪਰ ਤੂੰਬਾ ਮੱਝ ਦੇ ਈ ਪੱਚਦਾ ਏ, ਬਕਰੀਆਂ ਦੇ ਢਿੱਡੋਂ ਤੂੰਬੇ ਦੀਆਂ ਡਕਾਰਾਂ ਨ੍ਹੀਂ ਆਉਂਦੀਆਂ। ਛਿੰਦਾ ਜਬਰਦਸਤ ਉਤਸ਼ਾਹ ਚ ਆ ਗਿਆ ਕਿ ਪਿੰਡ ਚ ਮੇਰਾ ਪਾਇਆ ਕੜਾ ਦਿੱਸੇ ਤੇ ਲੋਕ ਮੈਨੂੰ ਪੁੱਛਣ ਤੇ ਮੈਂ ਦੱਸਾ ਕਿ ਸੋਨੇ ਦਾ ਏ।

ਪਿੰਡ ਆ ਗਿਆ ਛਿੰਦਾ, ਠੰਡ ਇੰਨੀ,, ਓ ਹੋ ਹੋ,, ਰਹਿ ਰੱਬ ਦਾ ਨਾਂ, ਸੱਥ ਚ ਸਾਰੇ ਧੂਣੀ ਤਪੀ ਜਾਣ ਪਰ ਛਿੰਦਾ ਅੱਧੀ ਬਾਹਾਂ ਦੇ ਕੁੜਤੇ ਚ ਈ ਜਾ ਕੇ ਲੱਗ ਗਿਆ ਗੱਪਾਂ ਠੋਕਣ, ਜੇ ਕੰਬਲ ਉਪਰ ਲੈ ਲਿੰਦਾ ਤਾਂ ਕੜਾ ਸਵਾਹ ਦਿੱਸਣਾ ਸੀ, ਚੱਲੋ ਜੀ ਨਾਲੇ ਛਿੰਦਾ ਠੁਰੀ ਜਾਵੇ ਤੇ ਕੜੇ ਆਲੇ ਹੱਥ ਨੂੰ, ਧੱਕੇ ਨਾਲ ਈ ਬੇਲੋੜਾ ਹਿਲਾ-ਹਿਲਾ ਕੇ ਗੱਲਾਂ ਕਰੀ ਜਾਵੇ ਪਰ ਬਦਕਿਸਮਤੀ ਨਾਲ ਕਿਸੇ ਨੇਂ ਛਿੰਦੇ ਨੂੰ ਕੜੇ ਬਾਰੇ ਨਾਂ ਪੁੱਛਿਆ, ਛਿੰਦਾ ਇੰਨੀ ਠੰਡ ਚ ਪੂਰੇ ਪਿੰਡ ਚ ਚੱਕਰ ਲਾ-ਲਾ ਗੱਲਾਂ ਮਾਰ ਆਇਆ ਪਰ ਕਿਸੇ ਵੀ ਮਾਂ ਦੇ ਪੁੱਤ ਨੇਂ, ਕੜੇ ਬਾਰੇ ਨਾਂ ਪੁੱਛਿਆ।

ਅਖੀਰ ਛਿੰਦੇ ਨੇ ਚੱਕਿਆ ਤੇਲ ਆਲਾ ਗੈਲਣ ਤੇ ਛਿੜਕ ਕੇ ਤੇਲ, ਆਪਣੇ ਘਰ ਨੂੰ ਈ ਅੱਗ ਲਾ ਦਿੱਤੀ, ਪੂਰਾ ਪਿੰਡ ਭੱਜਾ ਆਇਆ, ਕੜੀ ਮੁਸ਼ੱਕਤ ਤੋਂ ਬਾਅਦ ਪੂਰੇ ਪਿੰਡ ਨੇ ਮਸਾਂ ਅੱਗ ਤੇ ਕਾਬੂ ਪਾਇਆ, ਛਿੰਦਾ ਨੂੰ ਪਿੰਡ ਦੇ ਬਜ਼ੁਰਗ ਸਾਬਕਾ ਸਰਪੰਚ ਬੋਹੜ ਸਿੰਘ ਨੇ



ਅਸ਼ੋਕ ਸੋਨੀ, ਕਾਲਮਨਵੀਸ
9872705078

ਪੁੱਛਿਆ,"ਛਿੰਦੇ ਕਿੰਨਾ ਕੁ ਨੁਕਸਾਨ ਹੋਇਆ ਏ"? ਛਿੰਦੇ ਦੇ ਮੰਨ੍ਹ ਦੀ ਹੋ ਗਈ ਤੇ ਉਦਾਸੀ ਦੀ ਏਕਟਿੰਗ ਕਰਦਾ ਬੋਲਿਆ,"ਸਰਪੰਚ ਸਾਬ੍ਹ, ਸੱਭ ਕੁਝ ਸੜ ਗਿਆ, ਬਸ ਆਹ ਕੜਾ ਬਚਿਆ ਏ, ਸੋਨੇ ਦਾ ਏ, ਇਕ ਤੋਲੇ ਦਾ"। ਮੂਰਖਾਂ ਦੇ ਸਰਤਾਜ ਛਿੰਦੇ ਦੇ ਚਿਹਰੇ ਤੇ ਜੇਤੂ ਮੁਸਕਾਨ ਸੀ।

ਆਹ ਤਾਂ ਸੀ ਗੱਲ ਛਿੰਦੇ ਦੀ, ਪਰ ਤੁਸੀਂ ਸੋਚੋ ਕਿ ਆਪਣੇ ਸਭ ਦੇ ਅੰਦਰ ਵੀ, ਕਿਸੇ ਕੋਨੇ ਚ, ਕੋਈ ਲੁਕਿਆ ਛਿੰਦਾ ਤਾਂ ਨ੍ਹੀਂ ਬੈਠਾ, ਜੀ ਹਾਂ , ਇਹ ਛੁਪਿਆ ਉੱਲੂ ਸਾਡੇ ਸਭ ਵਿੱਚ ਮੌਜੂਦ ਏ। ਦਿਖਾਵੇ ਲਈ ਆਪਾਂ ਆਪਣੀ ਔਕਾਤ ਚੋਂ ਬਾਹਰ ਜਾ ਕੇ, ਵੱਡੀਆਂ ਕੋਠੀਆਂ ਪਾਉਂਦੇ ਆਂ, ਵੱਡੀਆਂ ਗੱਡੀਆਂ, ਵਿਆਹਾਂ ਤੇ ਬੇਲੋੜੇ ਖਰਚੇ, ਮਹਿੰਗੇ ਮੋਬਾਈਲ, ਬ੍ਰਾਂਡੇਡ ਕੱਪੜੇ ਵਗੈਰਾ, ਫਾਲਤੂ ਸ਼ਾਪਿੰਗ ਬਸ ਕੀ-ਕੀ ਦੱਸਾਂ, ਦਰਅਸਲ ਲੋਕਾਂ ਦੇ ਦਾਖਾ-ਦੇਖੀ ਆਪਾਂ ਸਾਰੇ ਹੀਣਭਾਵਨਾ ਦੇ ਸ਼ਿਕਾਰ ਹੋ ਗਏ ਆਂ, ਜਿਸ ਕਰਕੇ ਆਹ ਅਨਮੋਲ ਜਿੰਦਗੀ ਆਪਾਂ, ਕਿਸ਼ਤਾਂ ਭਰਨ ਲਈ ਈ ਜੀਣ ਲੱਗ ਪੈਂਦੇ ਆਂ। ਜਿਆਦਾਤਰ,, ਮੁਲਾਜ਼ਮ ਆਪਣੀ ਤਨਖਾਹ ਦੇਖ ਇਸ ਜਾਲ ਚ ਫੱਸ ਜਾਂਦੇ ਨੇ ਉਥੇ ਹੀ, ਕਿਸਾਨ ਕੱਚੀ ਫਸਲ ਦੇਖ ਤੇ ਵਪਾਰੀ ਪਿਛਲਾ ਮੁਨਾਫਾ ਦੇਖ, ਬਾਕੀ ਔਕਾਤ ਤੋਂ ਵੱਧ ਕੇ ਖਰੀਦੀ ਕੋਈ ਵੀ ਚੀਜ ਸਿਰਫ ਸਾਂਭੀ ਹੀ ਜਾ ਸਕਦੀ ਏ, ਵਰਤੀ ਨ੍ਹੀਂ ਜਾ ਸਕਦੀ।

ਸਰਕਾਰੀ ਮਹਿਕਮਿਆਂ ਚ ਦਿਖਾਵੇ ਦੀ ਪ੍ਰਵਿਰਤੀ ਜਿਆਦਾਤਰ, ਬੰਦੇ ਦੇ ਰੈਂਕ ਅਨੁਸਾਰ ਵੱਧਦੇ ਕ੍ਰਮ ਚ ਚਲਦੀ ਏ, ਜਿੱਥੇ ਵਾਰ-ਵਾਰ ਆਪਣਾ ਵੱਡੇ ਅਹੁਦੇ ਦੇ ਦਿਖਾਵੇ ਲਈ ਨਿਰੰਤਰ, ਅਭਿਨੈ ਜਾਰੀ ਰਹਿੰਦਾ ਏ ਤਾਂ ਉੱਥੇ ਈ ਵੱਡੇ-ਵੱਡੇ ਰਾਜਨੇਤਾਵਾਂ, ਅਭਿਨੇਤਾਵਾਂ, ਖਿਲਾੜੀਆਂ, ਲੇਖਕਾਂ ਤੇ ਪੱਤਰਕਾਰਾਂ ਦੇ ਵਿੱਚ ਦਾ ਛਿੰਦਾ, ਕਈ ਵਾਰ ਸ਼ਰੇਆਮ ਈ ਦਿਖਾਈ ਦੇ ਜਾਂਦਾ ਏ। ਅਸਲ ਚ ਦਿਖਾਵਾ ਹੁਣ ਇਕ ਵੱਡੀ ਮਹਾਂਮਾਰੀ ਦਾ ਰੂਪ ਧਾਰਣ ਕਰ ਚੁੱਕਾ ਏ।


ਅਖੌਤੀ ਸਮਾਜਸੇਵੀਆਂ ਤੇ ਛੁਟਭਈਏ ਲੀਡਰਾਂ ਦਾ ਛਿੰਦਾ, ਉਨਾਂ ਵੱਲੋਂ ਕੀਤੇ ਮਾਮੂਲੀ ਕੰਮਾਂ ਦੀਆਂ ਵੱਡੀਆਂ ਤਸਵੀਰਾਂ ਦੇ ਵਿੱਚੋਂ ਝਾਕਦਾ ਰਹਿੰਦਾ ਏ, ਤਾਂ ਉੱਥੇ ਈ ਆਪਣੀ ਠੁੱਕ ਬਣਾਉਣ ਲਈ ਦਾਨ ਕਰਨ ਆਲਿਆਂ ਦਾ ਛਿੰਦਾ ਵੀ ਪੱਥਰਾਂ ਤੇ ਲਿੱਖੇ ਨਾਮਾਂ ਵਿਚੋਂ ਸਾਫ ਦਿਖਾਈ ਦਿੰਦਾ ਏ। ਹਾਲਾਂਕਿ ਬਹੁਤ ਸਾਰੇ ਸਮਾਜ ਭਲਾਈ ਦੇ ਨੈਤਿਕ ਕੰਮਾਂ ਦਾ ਸਰਵਜਨਕ ਦਿਖਾਵਾ ਕਰਨਾ ਲਾਜ਼ਮੀ ਏ ਤਾਂ ਜੋ ਹੋਰ ਲੋਕ ਵੀ ਪ੍ਰੇਰਿਤ ਹੋਣ । ਬਾਕੀ ਮਤਲਬ ਦੇ ਇਸ ਕਾਲੇ ਦੌਰ ਚ ਸਾਡੇ ਜਿਆਦਾਤਰ ਮਿੱਤਰ, ਰਿਸ਼ਤੇਦਾਰ ਸਾਡਾ ਫਿਕਰ ਤਾਂ ਭਾਂਵੇ ਘੱਟ-ਵੱਧ ਈ ਕਰਦੇ ਹੋਣ ਪਰ ਮਦਦ ਕਰਨ ਦਾ ਦਿਖਾਵਾ ਕਰਨ ਆਲੀ ਹਨੇਰੀ ਲਿਆ ਦਿੰਦੇ ਨੇਂ। ਮੈਂ ਤਾਂ ਇਸ ਬੀਮਾਰੀ ਚੋਂ ਨਿਕਲਣ ਲਈ ਯਤਨਸ਼ੀਲ ਆਂ ਤੇ ਆਸ ਕਰਦਾ ਹਾਂ ਕਿ ਤੁਸੀਂ ਵੀ ਜਲਦੀ ਈ ਇਸ ਰੋਗ ਤੋਂ ਨਿਜਾਤ ਪਾ ਲਵੋਂਗੇ।

# ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਸ਼ਬਦਾਂ ਦੇ ਖਿਡਾਰੀ'

-ਪੂਰਨ ਸਿੰਘ ਪਾਂਧੀ-

ਪੰਜਾਬੀ ਖੇਡ ਸਾਹਿਤ ਵਿਚ ਪ੍ਰਿੰ. ਸਰਵਣ ਸਿੰਘ ਦਾ ਵੱਡਾ ਨਾਂ ਹੈ। ਉਹ ਖੇਡਾਂ ਖਿਡਾਰੀਆਂ ਬਾਰੇ ਵਿਲੱਖਣ ਖੇਡ ਸ਼ੈਲੀ ਦਾ ਜਨਮਦਾਤਾ ਹੈ। ਪ੍ਰਿੰਸੀਪਲੀ ਤੋਂ ਰਿਟਾਇਰ ਹੋਣ ਪਿੱਛੋਂ ਉਹ ਹਰ ਸਾਲਇੱਕ ਦੋ ਕਿਤਾਬਾਂ ਪੰਜਾਬੀ ਮਾਂ ਦੀ ਝੋਲ਼ੀ ਵਿਚ ਪਾਉਂਦਾ ਆ ਰਿਹਾ ਹੈ।ਹੁਣ ਪੰਜਾਬੀ ਖੇਡ ਸਾਹਿਤ ਬਾਰੇ ਨਵੀਂ ਪੁਸਤਕ 'ਸ਼ਬਦਾਂ ਦੇ ਖਿਡਾਰੀ' ਰਿਲੀਜ਼ ਹੋਈਹੈ। 'ਪੰਜਾਬੀ ਟ੍ਰਿਬਿਊਨ' ਤੇ ਕੁਝ ਹੋਰ ਅਖ਼ਬਾਰਾਂ ਰਸਾਲਿਆ ਦਾ ਕੋਈ ਹਫ਼ਤਾ ਅਜਿਹਾ ਨਹੀਂ ਹੁੰਦਾ; ਜਿਸ ਵਿਚ ਪ੍ਰਿੰਸੀਪਲ ਸਾਹਿਬ ਦੀ ਕੋਈ ਨਾ ਕੋਈ ਨਵੀਂ ਰਚਨਾ ਨਾ ਛਪੀ ਹੋਵੇ। ਹਰ ਹਫ਼ਤੇ ਨਵੀਂ ਰਚਨਾ ਛਪਦੀ ਵੇਖ ਕੇਹੈਰਾਨੀ ਹੁੰਦੀ ਹੈ ਕਿ ਏਨਾ ਲਿਖੀ ਕਿਵੇਂ ਜਾ ਰਿਹੈ?ਜਿਵੇਂ ਉਹਦੀ ਕਲਮ 'ਤੇ ਸਰਸਵਤੀ ਸਵਾਰ ਹੋਵੇ! ਕੇਵਲ ਖੇਡਾਂ ਬਾਰੇ ਹੀ ਉਸ ਦੇ ਸੈਂਕੜੇ ਆਰਟੀਕਲ ਛਪ ਚੁੱਕੇ ਹਨ।ਦੇਸ ਪਰਦੇਸ ਦਾ ਸ਼ਾਇਦ ਹੀ ਕੋਈ ਪੰਜਾਬੀ ਅਖ਼ਬਾਰ ਜਾਂ ਰਸਾਲਾ ਹੋਵੇ; ਜਿਸ ਵਿਚ ਉਹਦੀ ਕੋਈ ਰਚਨਾ ਨਾ ਛਪੀ ਹੋਵੇ।

ਕਿਸੇ ਰਚਨਾ ਨੂੰ ਰੌਚਕ ਤੇ ਸੁਆਦਲੀ ਬਨਾਉਣ ਲਈ ਅਕਸਰ ਕਲਪਣਾ ਦਾ ਸਹਾਰਾ ਲਿਆ ਜਾਂਦਾ ਹੈ। ਪਰ ਸਰਵਣ ਸਿੰਘ ਆਪਣੀ ਰਚਨਾ ਨੂੰ ਰਸਦਾਰ ਤੇ ਰੌਚਕ ਬਨਾਉਣ ਦੀ ਕਲਾ ਦਾ ਏਨਾਮਾਹਰ ਹੈ ਕਿ ਉਸ ਦੀ ਕਲਪਣਾ ਵੀ ਯਥਾਰਥ ਦਾ ਲਿਬਾਸ ਪਹਿਨਕੇ ਹੀ ਹਾਜ਼ਰ ਹੁੰਦੀ ਹੈ। ਬਿਰਤਾਂਤ ਸਿਰਜਣ ਵਿਚ ਉਹ ਏਨੀ ਸ਼ਿੱਦਤ ਭਰਦਾ ਹੈ ਕਿ ਪਾਠਕ ਉਹ ਬਿਰਤਾਂਤ ਆਪਣੇ ਨਾਲ਼ ਹੀ ਵਰਤਦਾ ਅਨੁਭਵ ਕਰਦਾ ਹੈ।ਜਿਵੇਂ ਹਰ ਹਾਦਸਾ, ਹਰ ਪਲ, ਹਰ ਅਹਿਸਾਸ ਉਸ ਦਾ ਆਪਣਾ ਹੋਵੇ। ਕਿਤੇ ਕਿਤੇ ਇੰਜ ਵੀ ਲਗਦੈ ਜਿਵੇਂ ਉਹ ਖਿਡਾਰੀ ਦੇ ਸਾਹਾਂ ਦੀ ਰਫਤਾਰ ਦਾ ਲੇਖਾ ਜੋਖਾ ਕਰ ਰਿਹਾ ਹੋਵੇ ਤੇ ਉਸ ਦੀ ਧੜਕਣ ਦੀ ਧੁਨ ਨਾਲ਼ ਇੱਕ ਸੁਰ ਹੋ ਰਿਹਾ







ਹੋਵੇ। ਉਸ ਦੀ ਸ਼ੈਲੀ ਦੀ ਇਹੋ ਖ਼ੂਬੀ ਪਾਠਕ ਦੀ ਲਿਵ ਰਚਨਾ ਨਾਲੋਂ ਟੁੱਟਣ ਨਹੀਂ ਦਿੰਦੀ, ਕਰਤਾਰੀ ਤੇ ਸਰਸ਼ਾਰੀ ਰਸ ਪਰਦਾਨ ਕਰਦੀ ਰਹਿੰਦੀ ਹੈ।

ਉਹ ਚਾਲੀ ਤੋਂ ਵੱਧ ਕਿਤਾਬਾਂ ਦਾ ਕਰਤਾ ਹੈ; ਜਿਨ੍ਹਾਂ ਵਿਚ ਖਿਡਾਰੀਆਂ ਦੇ ਰੇਖਾ ਚਿੱਤਰ, ਖੇਡ ਮੇਲਿਆਂ ਦੇ ਅੱਖੀਂ ਡਿੱਠੇ ਨਜ਼ਾਰੇ, ਖੇਡਾਂ ਦੀ ਜਾਣ ਪਛਾਣ ਤੇ ਉਨ੍ਹਾਂ ਦਾ ਇਤਹਾਸ, ਖੇਡ ਮੇਲੇ, ਪੰਜਾਬ ਦੀਆਂ ਦੇਸੀ ਖੇਡਾਂ, ਦੇਸ ਪਰਦੇਸ ਦੇ ਸਫ਼ਰਨਾਮੇ, ਪਿੰਡ ਦੀ ਸੱਥ 'ਚੋਂ, ਜੀਵਨੀਆਂ, ਸਵੈਜੀਵਨੀ ਅਤੇ ਸੰਪਾਦਿਤ ਤੇ ਅਨੁਵਾਦਿਤ ਪੁਸਤਕਾਂ ਸ਼ਾਮਲ ਹਨ। ਸ਼ਬਦਾਂ ਨੂੰ ਢੁਕਵੇਂ ਥਾਂ ਜੋੜਨ ਤੇ ਬੀੜਨ ਦੀ ਕਲਾ ਦਾ ਮਾਹਰ ਹੈ ਅਤੇ ਵਾਰਤਕ ਨੂੰ ਵੇਗ ਮਈ, ਲੈਅਮਈ ਤੇ ਰਸੀਲੀ ਬਣਾਉਂਦਾ ਉਸਤਾਦ ਹੈ। ਉਸ ਦੀ ਖੇਡ ਸ਼ੈਲੀ ਵਿਚ ਅਜਿਹਾ ਵੇਗ ਤੇ ਵਹਾਅ ਹੁੰਦਾ ਹੈ ਕਿ ਉਸ ਦਾ ਹਰ ਸ਼ਬਦ ਨ੍ਰਿਤ ਕਰਦਾ ਤੇ ਹਰ ਵਾਕ ਜਲਤਰੰਗ ਵਾਂਗ ਸੰਗੀਤਕ ਧੁਨਾਂ ਪੈਦਾ ਕਰਦਾ ਜਾਪਦਾ ਹੈ। ਪਾਠਕ ਦੇ ਜ਼ਿਹਨ ਵਿਚ ਸੁਰ ਹੋਈ ਸਿਤਾਰ ਦੇ ਪੋਟੇ ਵਜਦੇ ਤੇ ਸੁਰੀਲਾ ਨਗਮਾਂ ਛੇੜਦੇ ਜਾਪਦੇ ਹਨ। ਸਮੁੱਚੀ ਵਾਰਤਕ ਵਿਚ ਕੋਈ ਵਾਕ ਜਾਂ ਵਾਕ ਵਿਚ ਕੋਈ ਸ਼ਬਦ ਬੇਲੋੜਾਨਹੀਂ ਰੜਕਦਾ। ਵਾਰਤਕ ਨੂੰ ਚਮਕਾਉਣ ਲਿਸ਼ਕਾਉਣ ਲਈ ਉਹ ਵਾਧੂ ਦੇ ਅਲੰਕਾਰ ਜਾਂ ਵਿਸ਼ੇਸ਼ਣ ਨਹੀਂ ਲਾਉਂਦਾ ਤੇ ਨਾ ਹੀ ਖ਼ਸਤਾ ਕਰਾਰੀ ਬਨਾਉਣ ਲਈ ਘਟੀਆਕਲੋਲਾਂ ਵਾਲੀਆਂ ਜੁਗਤਾਂ ਵਰਤਦੈ। ਉਸ ਦੇ ਚੁਸਤ ਫਿਕਰਿਆਂ ਵਿਚ ਲੋਹੜਿਆਂ ਦਾ ਵੇਗ ਤੇ ਵਹਾਅ ਹੁੰਦਾ ਹੈ ਜੋ ਪਾਠਕ ਨੂੰ ਆਮੁਹਾਰੇ ਆਪਣੇ ਨਾਲ਼ ਵਹਾਈ ਜਾਂਦਾ ਹੈ।

ਵਰਿਆਮ ਸਿੰਘ ਸੰਧੂ ਉਸ ਨੂੰ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ'ਦਾ ਖ਼ਿਤਾਬ ਦਿੰਦਾਹੋਇਆ ਕਹਿੰਦਾ ਹੈਕਿ ਸਰਵਣ ਸਿੰਘ ਪੰਜਾਬੀ ਖੇਡ-ਸਾਹਿਤ ਦਾ ਸ਼ਹਿਨਸ਼ਾਹ ਹੈ। ਖੇਡ ਸਾਹਿਤ ਵਿਚ ਉਹਦੇ ਬੁਲੰਦ ਰੁਤਬੇ ਵੱਲ ਦੇਖ ਕੇ ਬਹੁਤ ਸਾਰੇ ਨਵੇਂ ਲੇਖਕ ਵੀ ਖੇਡ-ਲੇਖਣ ਦੇ ਮੈਦਾਨ ਵਿਚ ਨਿੱਤਰੇ ਹਨ। ਸਰਵਣ ਸਿੰਘ ਇਹਨਾ ਲੇਖਕਾਂ ਦਾ 'ਗੁਰੂ ਦ੍ਰੋਣਾਚਾਰੀਆ'ਹੈ ਅਤੇ ਖੇਡ-ਲੇਖਣੀ ਦੀ ਮੈਰਾਥਨ ਦੌੜ ਦਾ 'ਭੀਸ਼ਮ ਪਿਤਾਮਾ' ਵੀ।ਲਿਖਣ ਨੂੰ ਤਾਂ ਉਸ ਨੇ ਕਹਾਣੀਆਂ ਵੀ ਲਿਖੀਆਂ ਨੇ, ਜੀਵਨੀਆਂ ਵੀ ਲਿਖੀਆਂ ਨੇ, ਰੇਖਾ-ਚਿੱਤਰ ਵੀ ਲਿਖੇ ਨੇ, ਸਵੈਜੀਵਨੀ ਲਿਖੀ ਹੈ, ਸਫਰਨਾਮੇ ਲਿਖੇ ਹਨ, ਹਾਸ-ਵਿਅੰਗ ਲਿਖਿਆ ਹੈ, ਪੱਤਰਕਾਰੀ ਕੀਤੀ ਹੈ, ਕੁਮੈਂਟਰੀ ਕੀਤੀ ਹੈ ਅਤੇ ਇਹਨਾਂ ਸਭਨਾਂ ਖੇਤਰਾਂ ਵਿਚ ਹੀ ਕਮਾਲ ਕੀਤਾ ਹੈ ਪਰ ਖੇਡ-ਲੇਖਣ ਦੇ ਖੇਤਰ ਵਿਚ ਉਸ ਨੇ ਅਜਿਹੀਆਂ ਮੱਲਾਂ ਮਾਰੀਆਂ ਹਨ ਕਿ ਪਿਛਲੀ ਅੱਧੀ ਸਦੀ ਉਹਦਾ ਮਾਊਂਟ-ਐਵਰੈਸਟੀ ਝੰਡਾ ਸਭਨਾਂ ਤੋਂ ਉੱਚਾ ਅਸਮਾਨੀ ਝੂੱਲ ਰਿਹਾ ਹੈ।

ਡਾ. ਹਰਿਭਜਨ ਸਿੰਘ ਸਰਵਣ ਸਿੰਘ ਨੂੰ 'ਸ਼ਬਦਾਂ ਦਾ ਓਲਿੰਪੀਅਨ' ਕਹਿੰਦਾਲਿਖਦਾ ਹੈ, "ਵੇਖਣ ਨੂੰ ਉਹਦੀ ਲਿਖਤ ਸਿੱਧੀ ਸਾਦੀ ਜਾਪਦੀ ਹੈ। ਪਰ ਉਹਦੀ ਸ਼ਬਦ-ਘਾੜਤ ਪਿੱਛੇ ਕਰੜੀ ਸਾਧਨਾ ਦਾ ਝਾਉਲਾ ਪੈਂਦਾ ਹੈ।ਉਹਦੀ ਰਚਨਾ ਦੋਖ ਦਵੈਤ ਜਾਂ ਦੁਰਭਾਵਨਾ ਤੋਂ ਅਸਲੋਂ ਪਾਕ ਸ਼ਾਫ ਹੈ। ਉਸ ਨੂੰ ਨਾ ਕਿਸੇ ਨਾਲ਼ ਖੁਣਸ ਹੈ ਨਾ ਖਾਰ, ਨਾ ਕੀਨਾ ਨਾ ਕਦੂਰਤ। ਉਸ ਨੇ ਜਿਸ ਕਿਸੇ ਬਾਰੇ ਜੋ ਕੁਝ ਵੀ ਲਿਖਿਆ ਹੈ, ਉੱਚਾ ਵੀ ਹੈ ਤੇ ਸੁੱਚਾ ਵੀ। ਜੇ ਸਾਹਿਤ ਵਿਚਲੇ ਕੋਹਝ ਤੋਂ ਤੁਹਾਡਾ ਮਨ ਉਚਾਟ ਹੋ ਜਾਵੇ ਤਾਂ ਸਰਵਣ ਸਿੰਘ ਦੇ ਖੇਡ ਸੰਸਾਰ ਵਿਚ ਪ੍ਰਵੇਸ਼ ਕਰੋ। ਤੁਹਾਨੂੰ ਪਤਾ ਲੱਗੇਗਾ ਕਿ ਨਿਰਭਉ ਤੇ ਨਿਰਵੈਰ ਅਕਾਲ ਪੁਰਖ ਅਜੇ ਜਿਉਂਦਾ ਹੈ।"

ਪ੍ਰਿੰ. ਸਰਵਣ ਸਿੰਘ ਦੀ ਨਵੀਂ ਕਿਤਾਬ 'ਸ਼ਬਦਾਂ ਦੇ ਖਿਡਾਰੀ' ਵਿਚ ਚੋਟੀ ਦੇ 24 ਲੇਖਕਾਂ ਦੀ ਖੇਡ ਰਚਨਾ ਬਾਰੇ ਚਰਚਾ ਕੀਤੀਗਈ ਹੈ। ਉਹ ਸ਼ਬਦਾਂ ਨਾਲ਼ ਖੇਡਦੇ ਹੋਣ ਕਰਕੇ ਹੀ ਸ਼ਬਦਾਂ ਦੇ ਖਿਡਾਰੀ ਹਨ।ਉਨ੍ਹਾਂ ਦੀ ਬੋਲੀ ਸ਼ੈਲੀ ਵਿਚ ਖੇਡ ਵਰਗੀ ਤੇਜ਼ੀ, ਤੀਬਰਤਾ ਤੇ ਰੌਚਕਤਾ ਹੈ। ਪਾਠਕ ਨੂੰ ਉਹ ਆਪਣੀ ਰਚਨਾ ਨਾਲੋਂ ਟੁੱਟਣ ਨਹੀਂ ਦਿੰਦੇ, ਰੁਕਣ ਨਹੀਂ ਦਿੰਦੇ; ਸਾਹ ਤੱਕ ਵੀ ਨਹੀਂ ਲੈਣ ਦਿੰਦੇ ਅਤੇ ਆਪਣੇ ਵੇਗ ਤੇ ਵਹਾਅ ਵਿਚ ਵਹਾਈ ਰਖਦੇ ਹਨ। ਉਨ੍ਹਾਂ ਵਿਚੋਂ ਕੁਝ ਇਕਨਾਂ ਦੇ ਨਾਂ ਹਨ: ਬਲਵੰਤ ਗਾਰਗੀ, ਜਸਵੰਤ ਸਿੰਘ ਕੰਵਲ, ਡਾ. ਹਰਿਭਜਨ ਸਿੰਘ, ਬਲਬੀਰ ਸਿੰਘ ਕੰਵਲ, ਸੂਬਾ ਸਿੰਘ, ਵਰਿਆਮ ਸਿੰਘ ਸੰਧੂ, ਪਾਸ਼, ਪਹਿਲਵਾਨ ਦਾਰਾ ਸਿੰਘ, ਪੂਰਨ ਸਿੰਘ ਪਾਂਧੀ, ਪ੍ਰਿੰ. ਬਲਕਾਰ ਸਿੰਘ, ਪ੍ਰੋ. ਕਰਮ ਸਿੰਘ, ਸ਼ਮਸ਼ੇਰ ਸਿੰਘ ਸੰਧੂ, ਬਲਿਹਾਰ ਸਿੰਘ ਰੰਧਾਵਾ ਤੇ ਗੁਰਮੇਲ ਮਡਾਹੜ।

ਲੇਖਕ ਦੀਆਂ ਹੋਰ ਕਿਤਾਬਾਂ ਨਾਲੋਂ ਇਸ ਕਿਤਾਬ ਦੀ ਵਿਸ਼ੇਸ਼ਤਾ ਇਸ ਕਰ ਕੇ ਵਧੇਰੇ ਹੈ ਕਿ ਇਸ ਵਿਚ ਇਸ ਨੇ ਜਿੱਥੇ ਰਚਨਾਕਾਰ ਦੀ ਰਚਨਾ ਦੀ ਬੋਲੀ ਸ਼ੈਲੀ ਦੇ ਅਦਭੁਤ ਦਰਸ਼ਨ ਕਰਵਾਏ ਹਨ; ਉੱਥੇ ਸਬੰਧਤ ਲੇਖਕ ਦੇ ਜੀਵਨ ਦਾ ਆਦਿ ਅੰਤ, ਮਹਾਨਤਾ, ਵਿਸ਼ੇਸ਼ਤਾ ਤੇ ਪ੍ਰਾਪਤੀਆਂ ਦਾ ਕਿੱਸਾ ਵੀ ਨਾਲ਼ ਦੀ ਨਾਲ਼ ਬਿਆਨ ਕੀਤਾ ਹੈ। ਕਿਤਾਬ ਦੇ ਮੁੱਖ ਸਫ਼ੇ 'ਤੇ ਪੰਜਾਬੀ ਦੇ ਕੁਝ ਧੁਰੰਤਰ ਲੇਖਕਾਂ ਦੀਆਂ ਮੂਰਤਾਂ ਹਨ; ਜੋ ਸਹੀ ਅਰਥਾਂ ਵਿਚ 'ਸ਼ਬਦਾਂ ਦੇ ਖਿਡਾਰੀ' ਹਨ। ਜਿਨ੍ਹਾਂ ਦੀ ਰਚਨਾ ਵਿਚ ਵੇਦਾਂ ਦੀਆਂ ਰਿਚਾਂ ਤੇ ਮੰਤਰਾਂ ਵਰਗੀ ਆਭਾ ਵਰਗਾ ਪ੍ਰਭਾਵ ਅਤੇ ਇਲਹਾਮ ਵਰਗਾ ਸੱਚ ਹੈ।

ਮੇਰੇ ਵਿਚਾਰ ਵਿਚ 'ਸ਼ਬਦਾਂ ਦੇ ਖਿਡਾਰੀ' ਪੁਸਤਕ 2021 ਦੀ ਪੰਜਾਬੀ ਵਿਚ ਵਾਰਤਕ ਦੀ ਸਭ ਤੋਂ ਉੱਤਮ, ਅਹਿਮ ਤੇ ਬਿਹਤਰੀਨ ਪੁਸਤਕ ਹੈ।ਮੇਰੇ ਵੱਲੋਂ ਪ੍ਰਿੰਸੀਪਲ ਸਰਵਣ ਸਿੰਘ ਨੂੰ ਹਾਰਦਿਕ ਮੁਬਾਰਕਾਂ!

## ਕਰਤਾਰ ਪੁਰ ਲਾਂਘਾ ਮੁੜ ਖੋਲ੍ਹਣ ਲਈ ਕਰਤਾਰਪੁਰ ਲਾਂਘਾ ਸੰਘਰਸ਼ ਕਮੇਟੀ ਨੇ ਪ੍ਰਧਾਨ ਮੰਤਰੀ ਮੋਦੀ ਦਾ ਕੀਤਾ ਧੰਨਵਾਦ

*** ਵਫ਼ਦ ਨੇ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਲਾਲਪੁਰਾ ਨਾਲ ਕੀਤੀ ਮੁਲਾਕਾਤ**



ਦਿੱਲੀ / ਅੰਮ੍ਰਿਤਸਰ 17 ਨਵੰਬਰ (ਪੋਸਟ ਬਿਊਰੋ)- ਸ਼੍ਰੀ ਕਰਤਾਰਪੁਰ ਲਾਂਘਾ ਮੁੜ ਖੋਲਣ ਦੇ ਵੱਡੇ ਫ਼ੈਸਲੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿੱਤ ਸ਼ਾਹ ਦਾ ਸਮੂਹ ਸਿੱਖ ਸੰਗਤਾਂ ਅਤੇ ਸਮੂਹ ਪੰਜਾਬੀਆਂ ਵੱਲੋਂ ਤਹਿ ਦਿਲੋਂ ਧੰਨਵਾਦ ਕਰਦਿਆਂ ਸ਼੍ਰੀ ਕਰਤਾਰਪੁਰ ਲਾਂਘਾ ਸੰਘਰਸ਼ ਕਮੇਟੀ, ਸ਼੍ਰੀ ਅੰਮ੍ਰਿਤਸਰ ਨੇ ਲਾਂਘਾ ਨਿਰੰਤਰ ਤੇ ਨਿਰਵਿਘਨ ਜਾਰੀ ਰਹਿਣ ਅਤੇ ਸ਼੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਵੱਧ ਤੋਂ ਵੱਧ ਸ਼ਰਧਾਲੂਆਂ ਲਈ ਸਰਕਾਰ ਵੱਲੋਂ ਉਚਿੱਤ ਪ੍ਰਬੰਧ ਕੀਤੇ ਜਾਣ ਦੀ ਆਸ ਪ੍ਰਗਟ ਕੀਤੀ ਹੈ।

ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਮਿਸ਼ਨ ਦੇ ਨਵੀਂ ਦਿਲੀ ਸਥਿਤ ਦਫ਼ਤਰ ਵਿਖੇ ਮੁਲਾਕਾਤ ਕਰਨ ਆਏ ਲਾਂਘਾ ਸੰਘਰਸ਼ ਕਮੇਟੀ ਦੀ ਵਫ਼ਦ 'ਚ ਸ਼ਾਮਿਲ ਆਗੂਆਂ ਪ੍ਰੋ : ਸਰਚਾਂਦ ਸਿੰਘ ਖਿਆਲਾ, ਇਕਬਾਲ ਸਿੰਘ ਤੁੰਗ, ਸੁਰਿੰਦਰਪਾਲ ਸਿੰਘ ਤਾਲਬਪੁਰਾ, ਗੁਰਪ੍ਰੀਤ ਸਿੰਘ ਕਲਕੱਤਾ, ਐਡਵੋਕੇਟ ਭਾਨੂ ਪ੍ਰਤਾਪ ਸਿੰਘ ਅਤੇ ਬਲਬੀਰ ਸਿੰਘ ਕਠਆਲੀ ਨੂੰ ਦੱਸਿਆ ਕਿ ਮੋਦੀ ਸਰਕਾਰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਹਰ ਸੰਭਵ ਖਿਆਲ ਰੱਖ ਰਹੀ ਹੈ। ਸਿੱਖ ਭਾਈਚਾਰੇ ਨੂੰ ਦਰਪੇਸ਼ ਮਾਮਲਿਆਂ ਨੂੰ ਜਲਦ ਹੱਲ ਕਰਨ ਦਾ ਉਨ੍ਹਾਂ ਵਿਸ਼ਵਾਸ ਦਿਵਾਇਆ। ਇਸ ਮੌਕੇ ਲਾਂਘਾ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਸ਼੍ਰੀ ਕਰਤਾਰਪੁਰ ਲਾਂਘਾ ਮੁੜ ਖੋਲਣ ਦੇ ਫ਼ੈਸਲੇ ਨਾਲ ਸਿੱਖ ਸੰਗਤਾਂ 'ਚ ਭਾਰੀ ਖ਼ੁਸ਼ੀ ਪਾਈ ਜਾ ਰਹੀ ਹੈ। ਇਸ ਲਾਂਘੇ ਨੂੰ ਮੁੜ ਖੋਲਣ ਨਾਲ ਗੁਰੂ ਨਾਨਕ ਨਾਮ ਲੇਵਾ ਬੇਅੰਤ ਸੰਗਤਾਂ ਦੀ ਵੱਡੀ ਮੰਗ ਪੂਰੀ ਹੋਈ ਹੈ ਅਤੇ ਸੰਗਤਾਂ ਫਿਰ ਤੋਂ ਗੁਰ-ਦੁਆਰਾ ਸ਼੍ਰੀ ਦਰਬਾਰ ਸਾਹਿਬ, ਕਰਤਾਰਪੁਰ ਦੇ ਖੁੱਲੇ ਦਰਸ਼ਨ ਦੀਦਾਰ ਕਰ ਸਕਣਗੀਆਂ। ਕੇਂਦਰ ਸਰਕਾਰ ਦਾ ਇਹ ਫ਼ੈਸਲਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 19 ਨਵੰਬਰ ਨੂੰ ਮਨਾਏ ਜਾ ਰਹੇ ਪ੍ਰਕਾਸ਼ ਪੁਰਬ ਸਬੰਧੀ ਸੰਗਤਾਂ 'ਚ ਭਾਰੀ ਉਤਸ਼ਾਹ ਅਤੇ ਖ਼ੁਸ਼ੀਆਂ ਵਿੱਚ ਵੀ ਵਾਧਾ ਕਰੇਗਾ।

## ਕਾਂਗਰਸੀ ਵਿਧਾਇਕਾਂ ਉੱਤੇ ਟਿਕਟ ਕੱਟੇ ਜਾਣ ਦੀ ਤਲਵਾਰ ਲਟਕੀ

*** ਸਿੱਧੂ ਦੇ ਬਿਆਨ ਪਿੱਛੋਂ ਵਿਧਾਇਕਾਂ ਵਿੱਚ ਹਲਚਲ**

ਜਲੰਧਰ, 17 ਨਵੰਬਰ (ਪੋਸਟ ਬਿਊਰੋ)- ਪੰਜਾਬਵਿਧਾਨ ਸਭਾ ਚੋਣਾਂ ਵਿੱਚ ਕਈ ਮੌਜੂਦਾ ਵਿਧਾਇਕਾਂਦੀਆਂ ਟਿਕਟਾਂ ਕੱਟੇ ਜਾਣ ਦੇ ਆਸਾਰ ਪੈਦਾ ਹੋ ਗਏ ਹਨ, ਜਿਸ ਨਾਲ ਵਿਧਾਇਕਾਂ ਵਿੱਚ ਭਾਰੀ ਹਲਚਲ ਵੇਖੀ ਜਾ ਰਹੀ ਹੈ।

ਇਸ ਬਾਰੇ ਕਾਂਗਰਸ ਦੇ ਸੂਤਰਾਂ ਨੇ ਦੱਸਿਆ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਚੰਡੀਗੜ੍ਹ ਵਿੱਚ ਪ੍ਰੈਸ ਕਾਨਫ਼ਰੰਸ ਤੋਂ ਬਾਅਦ ਵਿਧਾਇਕਾਂ ਵਿੱਚ ਬੇਚੈਨੀ ਹੈ। ਸਿੱਧੂ ਨੇ ਕੱਲ੍ਹ ਸੰਕੇਤ ਦਿੱਤੇ ਸਨ ਕਿ ਵਿਧਾਨ ਸਭਾ ਚੋਣਾਂ ਵਿੱਚ ਮੈਰਿਟ ਦੇ ਆਧਾਰ ਉੱਤੇ ਟਿਕਟਾਂ ਮਿਲਣਗੀਆਂ। ਇਨ੍ਹਾਂ ਸੂਤਰਾਂ ਮੁਤਾਬਕ ਦੋ ਦਰਜਨ ਤੋਂ ਵੱਧ ਵਿਧਾਇਕ ਬੇਚੈਨ ਹੋ ਗਏ ਹਨ, ਜਿਨ੍ਹਾਂ ਦੀ ਗਰਦਨ ਉੱਤੇ ਟਿਕਟ ਕੱਟੇ ਜਾਣ ਦੀ ਤਲਵਾਰ ਲਟਕ ਗਈ ਹੈ। ਕਾਂਗਰਸ ਹਮੇਸ਼ਾ ਤੋਂ ਸਰਵੇ ਦੀਆਂ ਰਿਪੋਰਟਾਂ ਦੇ ਮੁਤਾਬਕ ਟਿਕਟਾਂ ਦੇਂਦੀ ਰਹੀ ਹੈ। ਇਸ ਵਾਰ ਲੱਗਭਗ ਦੋ ਦਰਜਨ ਵਿਧਾਇਕਾਂ ਦੀ ਕਾਰਗੁਜ਼ਾਰੀ ਅੱਜ ਤੱਕ ਦੇ ਵੱਖ-ਵੱਖ ਸਰਵੇਖਣਾਂ ਅਨੁਸਾਰ ਠੀਕ ਨਹੀਂ।ਕਾਂਗਰਸੀ ਸੂਤਰਾਂ ਮੁਤਾਬਕ ਇਨ੍ਹਾਂ ਵਿਧਾਇਕਾਂ ਨੂੰ ਇਹ ਨਹੀਂ ਸੁੱਝਦਾ ਕਿ ਉਹ ਆਪਣੀਆਂ ਟਿਕਟਾਂ ਨੂੰ ਕਿਸ ਤਰ੍ਹਾਂ ਬਚਾਉ। ਪੰਜਾਬ ਦੇ 15 ਤੋਂ ਵੱਧ ਵਿਧਾਇਕਾਂ ਦੀ ਕਾਰਗੁਜ਼ਾਰੀ ਉਨ੍ਹਾਂ ਦੇ ਹਲਕਿਆਂ ਵਿੱਚ ਚੰਗੀ ਨਹੀਂ ਅਤੇ ਪੰਜ-ਸੱਤ ਦਲਿਤ ਵਿਧਾਇਕਾਂ ਦੀ ਕਾਰਗੁਜ਼ਾਰੀ ਤੋਂ ਓਥੋਂ ਦੇ ਲੋਕ ਖ਼ੁਸ਼ ਨਹੀਂ। ਸਰਵੇ ਰਿਪੋਰਟਾਂ ਅਗਲੇ ਦਿਨਾਂ ਵਿੱਚ ਕਾਂਗਰਸੀ ਵਿਧਾਇਕਾਂ ਦੇ ਮਨਾਂ ਵਿੱਚ ਹੋਰ ਬੇਚੈਨੀ ਪੈਦਾ ਕਰਨਗੀਆਂ।

## ਮੁੱਖ ਮੰਤਰੀ ਦੇ ਚਿਹਰੇ ਬਾਰੇ ਆਮ ਆਦਮੀ ਪਾਰਟੀ 15 ਦਿਨਾਂ ਵਿੱਚ ਫੈਸਲਾ ਲੈ ਲਵੇਗੀ: ਮਾਨ

ਊਧਮ ਸਿੰਘ ਨਗਰ, 17 ਨਵੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਪੰਜਾਬ ਵਿੱਚ ਮੁੱਖ ਮੰਤਰੀ ਅਹੁਦੇ ਲਈਪਾਰਟੀ ਦੇ ਚਿਹਰੇ ਉੱਤੇ ਫੈਸਲਾ ਅਗਲੇ 15 ਦਿਨਾਂ ਵਿੱਚ ਲੈ ਲੈਣਗੇ। ਉਨ੍ਹਾਂ ਕਿਹਾ ਕਿ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਦਾ ਉਤਰਾਖੰਡ ਦੌਰਾ ਸਮਾਜ ਵਿੱਚ ਅੱਗ ਲਾਉਣ ਅਤੇ ਹਿੰਦੂ-ਮੁਸਲਮ ਨੂੰ ਲੜਾਉਣ ਲਈ ਬਣਾਈ ਜਾ ਰਹੀ ਰਣਨੀਤੀ ਦਾ ਹਿੱਸਾ ਹੈ ਅਤੇ ਅਸਲ ਵਿੱਚ ਕਿਸਾਨਾਂ ਦੀ ਗੱਲ ਸੁਣੇ ਬਿਨਾਂ ਦੇਸ਼-



ਪ੍ਰਦੇਸ਼ ਦਾ ਵਿਕਾਸ ਨਹੀਂ ਹੋ ਸਕਦਾ।

ਕੱਲ੍ਹ ਗਦਰਪੁਰ ਤੋਂ ਕਿਸਾਨ ਸੰਕਲਪ ਯਾਤਰਾ ਦੇ ਨਾਲ ਰੁਦਰਪੁਰ ਪਹੁੰਚੇ ਭਗਵੰਤ ਮਾਨ ਨੇ ਕਿਹਾ ਕਿ ਉਤਰਾਖੰਡ ਦੇ ਵਿਕਾਸ ਲਈ ਤਿੰਨੇ ਖੇਤੀ ਕਾਨੂੰਨਾਂ ਨੂੰ ਰੱਦ ਕੀਤੇ ਜਾਣ ਦੀ ਲੋੜ ਹੈ। ਉਨ੍ਹਾ ਕਿਹ ਕਿ ਆਮ ਆਦਮੀ ਪਾਰਟੀ ਇਥੋਂ ਦੇ ਵਿਕਾਸ ਦਾ ਖਾਕਾ ਪੰਜਾਬ ਵਰਗਾ ਖਿਚੇਗੀ ਅਤੇ ਦਿੱਲੀ ਵਿੱਚ ਜਿਵੇਂ ਮੁਹੱਲਾ ਕਲੀਨਿਕ ਤੇ ਵਿਦਿਅਕ ਖੇਤਰ ਵਿੱਚ ਸੁਧਾਰ ਕੀਤਾ ਗਿਆ ਹੈ, ਓਦੋਂ ਉਤਰਾਖੰਡ ਵਿੱਚ ਵੀ ਹੋਵੇਗਾ।

ਇਸ ਦੌਰਾਨ ਮਾਨਪੁਰ ਰੋਡ ਕਾਸ਼ੀਪੁਰ ਦੇ ਵਾਸੀ ਗਗਨ ਕੰਬੋਜ ਨੇ ਪੁਲਸ ਨੂੰ ਸ਼ਿਕਾਇਤ ਦੇ ਕੇ ਕਿਹਾ ਕਿ ਸੋਮਵਾਰ ਨੂੰ ਆਮ ਆਦਮੀ ਪਾਰਟੀ ਨੇ ਕਿਸਾਨ ਸੰਕਲਪ ਯਾਤਰਾ ਦੇ ਨਾਂਅ ਉਤੇ ਰੈਲੀ ਕੱਢੀ, ਜਿਸ ਵਿੱਚ ਸ਼ਾਮਲ ਲੋਕਾਂ ਨੇ ਰਾਸ਼ਟਰੀ ਝੰਡੇ ਨੂੰ ਝਾੜੂ ਵਿੱਚ ਬੰਨ੍ਹ ਕੇ ਨਗਰ ਵਿੱਚ ਘੁਮਾਇਆ ਅਤੇ ਰਾਸ਼ਟਰੀ ਝੰਡੇ ਦਾ ਅਪਮਾਨ ਕੀਤਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਰਵਾਨਾ

ਅੰਮ੍ਰਿਤਸਰ, 17 ਨਵੰਬਰ (ਗਿਆਨ ਸਿੰਘ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਹੋਣ ਵਾਲੇ ਸਮਾਗਮਾਂ ਵਿਚ ਹਿੱਸਾ ਲੈਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 855 ਸ਼ਰਧਾਲੂਆਂ ਦਾ ਜਥਾ ਜੈਕਾਰਿਆਂ ਦੀ ਗੂੰਜ ਵਿਚ ਰਵਾਨਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜਥੇ ਦੀ ਰਵਾਨਗੀ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਜਥੇ ਦੀ ਅਗਵਾਈ ਕਰ ਰਹੇ ਰਾਮਪਾਲ ਸਿੰਘ ਬਹਿਣੀਵਾਲ, ਬਲਵਿੰਦਰ ਸਿੰਘ ਵੇਈਂਪੂਈਂ, ਰਵਿੰਦਰ ਕੌਰ ਅਜਰਾਣਾ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦਿੱਤੇ। ਇਸ ਮੌਕੇ



ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਲਈ ਜਥੇ ਦੀ ਰਵਾਨਗੀ ਮੌਕੇ ਜਥੇ ਦੇ ਆਗੂਆਂ ਨੂੰ ਸਿਰੋਪਾਓ ਦੇ ਕੇ ਰਵਾਨਾ ਕਰਦੇ ਹੋਏ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਅਤੇ ਹੋਰ।


ਗੱਲਬਾਤ ਕਰਦਿਆਂ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਕਿਹਾ ਕਿ ਕੋਰੋਨਾ ਕਾਰਨ ਦੇਰ ਬਾਅਦ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾ ਰਿਹਾ ਹੈ ਅਤੇ ਜਥੇ ਦੇ ਹਰ ਮੈਂਬਰ ਅੰਦਰ ਗੁਰਧਾਮਾਂ ਦੀ ਯਾਤਰਾ ਪ੍ਰਤੀ ਉਤਸ਼ਾਹ ਹੈ। ਉਨਾਂ ਕਿਹਾ ਕਿ ਪਾਕਿਸਤਾਨ ਦੂਤਾਵਾਸ ਨੂੰ ਹਰ ਸ਼ਰਧਾਲੂ ਨੂੰ ਵੀਜ਼ਾ ਜਾਰੀ ਕਰਨਾ ਚਾਹੀਦਾ ਹੈ, ਕਿਉਂਕਿ ਵੀਜ਼ਾ ਨਾ ਮਿਲਣ ਕਰਕੇ ਸੰਗਤਾਂ ਅੰਦਰ ਨਿਰਾਸ਼ਾ ਪੈਦਾ ਹੁੰਦੀ ਹੈ। ਇਸ ਮੌਕੇ ਜਥੇ ਦੇ ਆਗੂ ਸ. ਰਾਮਪਾਲ ਸਿੰਘ ਬਹਿਣੀਵਾਲ ਨੇ ਕਿਹਾ ਕਿ ਉਹ ਖ਼ੁਸ਼ਕਿਸਮਤ ਹਨ ਕਿਉਂਕਿ ਉਨਾਂ ਨੂੰ ਜਥੇ ਦੀ ਅਗਵਾਈ ਕਰਨ ਦਾ ਮਾਣ ਮਿਲਿਆ ਹੈ।

ਦੱਸਣਯੋਗ ਹੈ ਕਿ 19 ਨਵੰਬਰ ਨੂੰ ਪਹਿਲੇ ਪਾਤਸ਼ਾਹ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਮਗਰੋਂ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਦ-ਆਰਾ ਸ੍ਰੀ ਪੰਜਾ ਸਾਹਿਬ, ਗੁਰਦੁ-ਆਰਾ ਸੱਚਾ ਸੌਦਾ, ਗੁਰਦੁਆਰਾ ਸ੍ਰੀ ਡੇਰਾ ਸਾਹਿਬ ਲਾਹੌਰ, ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਆਦਿ ਗੁਰਧਾਮਾਂ ਦੇ ਦਰਸ਼ਨ ਕਰੇਗਾ। ਇਹ ਜਥਾ 26 ਨਵੰਬਰ ਨੂੰ ਵਾਪਸ ਦੇਸ਼ ਪਰਤੇਗਾ। ਇਹ ਵੀ ਜ਼ਿਕਰੇ-ਖਾਸ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ 1046 ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ਾ ਲੱਗਣ ਲਈ ਭੇਜੇ ਗਏ ਸਨ, ਜਿਨਾਂ ਵਿੱਚੋਂ 855 ਸ਼ਰਧਾਲੂਆਂ ਨੂੰ ਵੀਜ਼ਾ ਪ੍ਰਾਪਤ ਹੋਇਆ ਹੈ।

## ਇਕਾਈ ਹਸਪਤਾਲ ਨੇ ਮਰੀਜ਼ਾਂ ਦੇ ਆਰਾਮ ਲਈ ਸਹੂਲਤ ਜੋੜੀ: ਪੂਨਮ ਖਹਿਰਾ ਸਿੱਧੂ



ਲੁਧਿਆਣਾ 17 ਨਵਬਰ (ਗਿਆਨ ਸਿੰਘ)- ਆਲੇ ਦੁਆਲੇ ਦੇ ਖੇਤਰਾਂ ਵਿੱਚ ਮਰੀਜ਼ਾਂ,ਪਰਿਵਾਰਾਂ ਅਤੇ ਲੋਕਾਂ ਦੀ ਸਹਾਇਤਾ ਅਤੇ ਸੇਵਾ ਕਰਨ ਲਈ ਇਕਾਈ ਹਸਪਤਾਲ ਲੁਧਿਆਣਾ ਨੇ ਯੈੱਸ ਬੈਂਕ ਦੇ ਨਾਲ ਸਹਿਯੋਗ ਕੀਤਾ ਅਤੇ ਹਸਪਤਾਲ ਦੇ ਵਿੱਚ ਏਟੀਐਮ ਕਮ ਸੀਆਰਐਮ ਸਥਾਪਤ ਕੀਤਾ। ਇਸ ਯੋਜਨਾ ਦਾ ਮੁੱਖ ਉਦੇਸ਼ ਹਸਪਤਾਲ ਦੇ ਅੰਦਰ ਅਤੇ ਆਸ ਪਾਸ ਦੇ ਲੋਕਾਂ ਦੀ ਸੇਵਾ ਕਰਨਾ ਸੀ। ਇਸ ਸੁਵਿਧਾ ਦਾ ਉਦਘਾਟਨ ਸ਼੍ਰੀਮਤੀ ਪੂਨਮ ਖਹਿਰਾ ਸਿੱਧੂ ਆਈ.ਆਰ.ਐਸ., ਚੀਫ਼ ਕਮਿਸ਼ਨਰ ਇਨਕਮ ਟੈਕਸ, ਲੁਧਿਆਣਾ ਨੇ ਡਾ. ਬੀ.ਐਸ. ਔਲਖ, ਚੇਅਰਮੈਨ ਇਕਾਈ ਹਸਪਤਾਲ, ਲੁਧਿਆਣਾ ਦੀ ਮੌਜੂਦਗੀ ਵਿੱਚ ਕੀਤਾ । ਸਿੱਧੂ ਨੇ ਇਕਾਈ ਹਸਪਤਾਲ ਨੂੰ ਮਰੀਜ਼ਾਂ ਦੀ ਸਹੂਲਤ ਲਈ ਇਹ ਏ.ਟੀ.ਐਮ. ਸੁਵਿਧਾ ਜੋੜਨ ਲਈ ਵਧਾਈ ਦਿੱਤੀ। ਸਿੱਧੂ ਨੇ ਕਿਹਾ ਕਿ ਇਕਾਈ ਹਸਪਤਾਲ ਜਿਸਦਾ ਅਨੁਵਾਦ "ਓਡ ਟੂ ਗੌਡ"ਹੈ, ਇੱਕ ਅਜਿਹਾ ਨਾਮ ਹੈ ਜੋ ਉਸ ਭਾਵਨਾ ਦੇ ਅੰਦਰ ਗੂੰਜਦਾ ਹੈ ਜਿਸ ਨਾਲ ਹਸਪਤਾਲ ਦੀ ਸਥਾਪਨਾ ਇੱਕ ਵੱਕਾਰੀ ਪੀਜੀਆਈਐਮਈਆਰ ਦੇ ਸਾਬਕਾ ਵਿਦਿਆਰਥੀ ਅਤੇ ਇੱਕ ਪ੍ਰਸਿੱਧ ਯੂਰੋਲੋਜਿਸਟ ਅਤੇ ਟ੍ਰਾਂਸਪਲਾਂਟ ਸਰਜਨ ਡਾਕਟਰ ਬਲਦੇਵ ਸਿੰਘ ਔਲਖ ਦੁਆਰਾ ਕੀਤੀ ਗਈ। ਇਕਾਈ ਇੱਕ ਮਲਟੀ ਸਪੈਸ਼ਲਿਟੀ ਹਸਪਤਾਲ ਹੈ ਜਿਸ ਨੂੰ ਹਸਪਤਾਲ ਵਿੱਚ ਏਅਰ ਟੈਕਸੀ ਸੇਵਾ ਦੀ ਇਜਾਜ਼ਤ ਮਿਲੀ ਹੈ ਤਾਂ ਜੋ ਦੇਸ਼ ਭਰ ਦੇ ਅੰਗਾਂ ਦੇ ਨਾਲ-ਨਾਲ ਬਿਮਾਰ ਅਤੇ ਜ਼ਖਮੀ ਮਰੀਜ਼ਾਂ ਦੀ ਤੇਜ਼ੀ ਨਾਲ ਆਵਾਜਾਈ ਨੂੰ ਯਕੀਨੀ ਬਣਾਇਆ ਜਾ ਸਕੇ।



## ਲਾਲਾ ਲਾਜਪਤ ਰਾਏ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਲੋੜ: ਹਰਚਰਨ ਸਿੰਘ

*** 93ਵੇਂ ਬਲੀਦਾਨ ਦਿਵਸ ਮੌਕੇ ਪਿੰਡ ਢੁੱਡੀਕੇ ਵਿਖੇ ਸ਼ਰਧਾ ਅਤੇ ਸਤਿਕਾਰ ਭੇਟ**




ਢੁੱਡੀਕੇ (ਮੋਗਾ), 17 ਨਵੰਬਰ (ਗਿਆਨ ਸਿੰਘ ) ਪੰਜਾਬ ਕੇਸਰੀ ਦੇ ਨਾਮ ਨਾਲ ਜਾਣੇ ਜਾਂਦੇ ਮਹਾਨ ਆਜ਼ਾਦੀ ਘੁਲਾਟੀਏ ਲਾਲਾ ਲਾਜਪਤ ਰਾਏ ਜੀ ਦਾ 93ਵਾਂ ਬਲੀਦਾਨ ਦਿਵਸ ਉਨਾਂ ਦੇ ਜਨਮ ਅਸਥਾਨ ਪਿੰਡ ਢੁੱਡੀਕੇ ਵਿਖੇ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਮੁੱਖ ਮਹਿਮਾਨ ਵਜੋਂ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰ ਹਰਚਰਨ ਸਿੰਘ ਨੇ ਸ਼ਿਰਕਤ ਕੀਤੀ ਜਦਕਿ ਸਾਬਕਾ ਮੰਤਰੀ ਮਾਲਤੀ ਥਾਪਰ ਅਤੇ ਨਿਹਾਲ ਸਿੰਘ ਵਾਲਾ ਦੇ ਸਹਾਇਕ ਐਸ ਪੀ ਮੁਹੰਮਦ ਸਰਫ਼ਰਾਜ਼ ਆਲਮ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਇਸ ਮੌਕੇ ਲਾਲਾ ਲਾਜਪਤ ਰਾਏ ਜਨਮ ਅਸਥਾਨ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਰਣਜੀਤ ਸਿੰਘ ਧੰਨਾ, ਡਾ. ਪਵਨ ਥਾਪਰ, ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਹੋਰ ਲੋਕ ਹਾਜ਼ਰ ਸਨ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਚਰਨ ਸਿੰਘ ਨੇ ਕਿਹਾ ਕਿ ਅਜ਼ਾਦੀ ਦਾ ਸੰਘਰਸ਼ ਵਿੱਢਣ ਵਿੱਚ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਹਰੇਕ ਭਾਰਤ ਵਾਸੀ ਨੂੰ ਲਾਲਾ ਲਾਜਪਤ ਰਾਏ ਅਤੇ ਸਮੁੱਚੇ ਆਜ਼ਾਦੀ ਘੁਲਾਟੀਆਂ ਦੀਆਂ ਸ਼ਹਾਦਤਾਂ ਅਤੇ ਘਾਲਣਾਵਾਂ ਉੱਤੇ ਮਾਣ ਹੈ, ਜਿਨਾਂ ਦੇ ਸਿਰ 'ਤੇ ਅੱਜ ਅਸੀਂ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ। ਉਨਾਂ ਕਿਹਾ ਲਾਲਾ ਲਾਜਪਤ ਰਾਏ ਜੀ ਜਿੱਥੇ ਮਹਾਨ ਆਜ਼ਾਦੀ ਘੁਲਾਟੀਏ ਸਨ, ਉਥੇ ਹੀ ਉਨਾਂ ਨੂੰ ਸਵਦੇਸ਼ੀ ਲਹਿਰ ਦੇ ਰਹਿਨੁਮਾ ਵਜੋਂ ਵੀ ਜਾਣਿਆ ਜਾਂਦਾ ਹੈ।

ਇਸ ਮੌਕੇ ਸਾਬਕਾ ਮੰਤਰੀ ਮਾਲਤੀ ਥਾਪਰ ਨੇ ਕਿਹਾ ਕਿ ਪਿੰਡ ਢੁੱਡੀਕੇ ਦੀ ਧਰਤੀ ਭਾਗਾਂ ਵਾਲੀ ਹੈ, ਜਿੱਥੇ ਲਾਲਾ ਜੀ ਅਤੇ ਹੋਰ ਕਈ ਆਜ਼ਾਦੀ ਘੁਲਾਟੀਆਂ ਨੇ ਜਨਮ ਲਿਆ। ਉਨਾਂ ਕਿਹਾ ਕਿ ਅਜ਼ਾਦੀ ਸੰਗਰਾਮ ਵਿੱਚ ਉਨਾਂ ਵੱਲੋਂ ਪਾਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਹੈ।

## ਪੇਸ਼ੀ ਦੌਰਾਨ ਅਦਾਲਤ ਵਿੱਚੋਂ ਅਪਰਾਧੀ ਨੂੰ ਭਜਾਉਣ ਦੀ ਕੋਸ਼ਿਸ਼ ਕਰਦੇ ਦੋ ਜਣੇ ਗ੍ਰਿਫ਼ਤਾਰ




ਮੋਗਾ, 17 ਨਵੰਬਰ (ਪੋਸਟ ਬਿਊਰੋ)- ਕੱਲ੍ਹ ਮੋਗਾ ਦੇ ਜ਼ਿਲ੍ਹਾ ਅਦਾਲਤੀ ਕੰਪਲੈਕਸ ਦੇ ਬਾਹਰੋਂ ਇੱਕ ਅਪਰਾਧੀ ਨੂੰ ਪੁਲਸ ਹਿਰਾ-ਸਤ ਵਿੱਚੋਂ ਭਜਾਉਣ ਦੀ ਕੋਸ਼ਿਸ਼ ਕਰਨ ਵਾਲੇ ਦੋ ਜਣਿਆਂ ਨੂੰ ਪੰਜਾਬ ਪੁਲਸ ਨੇਗ੍ਰਿਫ਼ਤਾਰ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਪੁਲਸ ਨੇ ਮੋਗੇ ਦੇ ਹਰਜਿੰਦਰ ਸਿੰਘ ਉਰਫ਼ ਰਾਜੂ ਨੂੰ ਅਦਾਲਤ ਵਿੱਚ ਪੇਸ਼ ਕਰਨਾ ਸੀ ਤਾਂ ਪੁਲਸ ਨੂੰ ਕਿਸੇ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਦੋ ਜਣੇ ਹਰਜਿੰਦਰ ਸਿੰਘ ਉਰਫ਼ ਰਾਜੂ ਨੂੰ ਭਜਾਉਣ ਦੀ ਤਿਆਰੀ ਵਿੱਚ ਕਚਿਹਰੀਆਂ ਵਿੱਚ ਬੈਠੇ ਹਨ। ਇਸ ਪਿੱਛੋਂ ਪੁਲਸ ਦੀਆਂ ਟੀਮਾਂ ਨੇ ਦੋਵਾਂ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ ਦੀ ਪਛਾਣ ਅਮਨਦੀਪ ਸਿੰਘ ਉਰਫ ਜੱਜੀ (24) ਵਾਸੀ ਮੋਗਾ ਤੇ ਜਸਪ੍ਰੀਤ ਸਿੰਘ ਉਰਫ ਪ੍ਰੀਤ (31) ਵਾਸੀ ਫ਼ਰੀਦਕੋਟ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਕੋਲੋਂ ਇੱਕ 32 ਬੋਰ ਦਾ ਰਿਵਾਲਵਰ ਅਤੇ ਛੇ ਜਿੰਦਾ ਕਾਰਤੂਸ ਅਤੇ ਇੱਕ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ। ਦੋਸ਼ੀਆਂ ਨੇ ਦੱਸਿਆ ਕਿ ਫ਼ਰੀਦਕੋਟ ਦੇ ਜਸਪ੍ਰੀਤ ਸਿੰਘ ਉਰਫ਼ ਜੱਸੀ, ਜੋ ਇਸ ਸਮੇਂ ਫ਼ਰੀਦਕੋਟ ਜੇਲ ਵਿੱਚ ਹੈ, ਨੇ ਉਨ੍ਹਾਂ ਨੂੰ ਹਰਜਿੰਦਰ ਨੂੰ ਪੁਲਸ ਹਿਰਾਸਤ ਵਿੱਚੋਂ ਭਜਾਉਣ ਵਿੱਚ ਮਦਦ ਕਰਨ ਨੂੰ ਕਿਹਾ ਸੀ।

ਐਸ ਐਸ ਪੀ ਮੋਗਾ ਨੇ ਦੱਸਿਆ ਕਿ ਇਹ ਸਾਰੇ ਗੈਂਗਸਟਰ ਸਤਿੰਦਰ ਬਰਾੜ ਉਰਫ਼ ਗੋਲਡੀ ਬਰਾੜ ਦੇ ਕਰੀਬੀ ਹਨ, ਜੋ ਇਸ ਸਮੇਂ ਕੈਨੇਡਾ ਵਿੱਚ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋਸ਼ੀਆਂ ਵਿਰੁੱਧ ਪਹਿਲਾਂ ਹੀ ਵੱਖ-ਵੱਖ ਕੇਸ ਦਰਜ ਹਨ। ਐਸ ਐਸ ਪੀ ਨੇ ਦੱਸਿਆ ਕਿ ਜਸਪ੍ਰੀਤ ਉਰਫ਼ ਪ੍ਰੀਤ ਦੇ ਪਿਛੋਕੜ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਅਗਲੀ ਜਾਂਚ ਲਈ ਹਰਜਿੰਦਰ ਅਤੇ ਜਸਪ੍ਰੀਤ ਉਰਫ਼ ਜੱਸੀ ਦਾ ਪ੍ਰੋਡਕਸ਼ਨ ਵਾਰੰਟ ਲਿਆ ਜਾਵੇਗਾ।

## ਹਾਦਸੇ ਵਿੱਚ ਇੱਕੋ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ

ਬਟਾਲਾ, 17 ਨਵੰਬਰ (ਪੋਸਟ ਬਿਊਰੋ)- ਏਥੋਂ ਨੇੜੇ ਕਸਬਾ ਘੁਮਾਣ ਕੋਲ ਸਖੋਵਾਲ ਦੇ ਪੈਟਰੋਲ ਪੰਪ ਤੋਂ ਤੇਲ ਪੁਆ ਕੇ ਅਚਾਨਕ ਬਾਈਕ ਕਾਰ ਦੇ ਅੱਗੇ ਆ ਗਈ ਤਾਂ ਸੰਤੁਲਨ ਵਿਗੜਨ ਕਾਰਨ ਕਾਰ ਰੁੱਖ ਨਾਲ ਟਕਰਾ ਕੇ ਖੇਤਾਂ ਵਿੱਚ ਪਲਟ ਗਈ, ਜਿਸ ਕਾਰਨ ਕਾਰ ਵਿੱਚ ਸਵਾਰ ਇੱਕੋ ਪਰਵਾਰ ਦੇ ਤਿੰਨ ਜੀਆਂ ਦੀ ਮੌਕੇ ਉੱਤੇ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਵਰਿੰਦਰ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਵਿਗਵਾੜਾ ਯੂ ਪੀ, ਜਿੰਦਰਪਾਲ ਸਿੰਘ ਪੁੱਤਰ ਲਾਲ ਸਿੰਘ ਵਾਸੀ ਡਿਬਡਿਬਾ ਯੂ ਪੀ, ਗੁਰਤੇਜ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਬਿਲਾਸਪੁਰ




ਯੂ ਪੀ ਵਜੋਂ ਹੋਈ ਹੈ।

ਸੂਚਨਾ ਉੱਤੇ ਥਾਣਾ ਘੁਮਾਣ ਦੀ ਪੁਲਸ ਓਥੇ ਪੁੱਜੀ। ਜਾਂਚ ਅਧਿਕਾਰੀ ਏ ਐਸ ਆਈ ਬਲਦੇਵ ਸਿੰਘ ਨੇ ਦੱਸਿਆ ਕਿ ਹਾਦਸੇ ਵਿੱਚ ਮਾਰੇ ਗਏ ਲੋਕ ਯੂ ਪੀ ਦੇ ਵਸਨੀਕ ਸਨ ਤੇ ਫਤਹਿਗੜ੍ਹ ਸਾਹਿਬ ਚੂੜੀਆਂ ਵਿੱਚ ਰਿਸ਼ਤੇਦਾਰੀ ਵਿੱਚ ਵਿਆਹ ਵਿੱਚ ਸ਼ਾਮਲ ਹੋਣ ਆਏ ਸਨ। ਸੋਮਵਾਰ ਨੂੰ ਵਿਆਹ ਦੇਖ ਕੇ ਕੱਲ੍ਹ ਸਵੇਰੇ ਉਹ ਕਾਰ ਵਿੱਚ ਯੂ ਪੀ ਲਈ ਰਵਾਨਾ ਹੋਏ ਸਨ। ਲਗਭਗ 12 ਵਜੇ ਜਦੋਂ ਸੁਖੋਵਾਲ ਪੈਟਰੋਲ ਪੰਪ ਕੋਲ ਪੁੱਜੇ ਤਾਂ ਪੰਪ ਤੋਂ ਇੱਕ ਬਾਈਕ ਸਵਾਰ ਅਚਾਨਕ ਉਨ੍ਹਾਂ ਦੀ ਕਾਰ ਸਾਹਮਣੇ ਆ ਗਿਆ। ਬਾਈਕ ਚਾਲਕ ਨੂੰ ਬਚਾਉਣ ਦੌਰਾਨ ਉਨ੍ਹਾਂ ਦੀ ਕਾਰ ਦਾ ਸੰਤੁਲਨ ਵਿਗੜ ਗਿਆ।

# ਰੂਸ ਵੱਲੋਂ ਭਾਰਤ ਨੂੰ ਐਸ-400 ਮਿਜ਼ਾਈਲ ਸਿਸਟਮ ਦੀ ਸਪਲਾਈ ਤੋਂ ਅਮਰੀਕਾ ਫਿਕਰਮੰਦ



ਵਾਸ਼ਿੰਗਟਨ, 17 ਨਵੰਬਰ (ਪੋਸਟ ਬਿਊਰੋ)- ਅਮਰੀਕਾ ਨੇ ਰੂਸ ਵੱਲੋਂ ਜ਼ਮੀਨ ਤੋਂ ਹਵਾ ਵਿੱਚ ਮਾਰ ਕਰਨ ਵਾਲੇ ਐਸ-400 ਮਿਜ਼ਾਈਲ ਸਿਸਟਮਭਾਰਤ ਨੂੰ ਸਪਲਾਈ ਕਰਨ ਉੱਤੇ ਚਿੰਤਾ ਜ਼ਾਹਰ ਕੀਤੀ ਹੈ, ਪਰ ਏਦਾਂ ਦ ਫੈਸਲਾ ਨਹੀਂ ਕੀਤਾ ਕਿ ਉਹ ਇਸ ਸੌਦੇ ਨਾਲ ਕਿਵੇਂ ਨਜਿੱਠੇਗਾ। ਪੈਂਟਾਗਨ ਦੇ ਇੱਕ ਸੀਨੀਅਰ ਅਫਸਰ ਨੇ ਇਹ ਗੱਲ ਕਹੀ।

ਐਸ-400 ਨੂੰ ਲੰਮੀ ਦੂਰੀ ਦੀ ਜ਼ਮੀਨ ਤੋਂ ਹਵਾ ਵਿੱਚ ਮਾਰ ਕਰਨ ਵਾਲਾ ਰੂਸ ਦਾ ਸਭ ਤੋਂ ਆਧੁਨਿਕ ਹਥਿਆਰ ਸਿਸਟਮਮੰਨਿਆ ਜਾਂਦਾ ਹੈ। ਇਸ ਸਪਲਾਈ ਉੱਤੇ ਭਾਰਤੀ ਹਵਾਈ ਫੌਜ ਨੇ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ, ਪਰ ਰੂਸ ਦੀ ਫੌਜੀ ਤਕਨੀਕ ਸਹਿਯੋਗ ਲਈ ਫੈਡਰਲ ਸੇਵਾ (ਐਫ ਐਸ ਐਮ ਟੀ ਸੀ) ਦੇ ਡਾਇਰੈਕਟਰ ਦਮਿੱਤਰ ਸ਼ੁਗਾਏਵ ਨੇ ਦੱਸਿਆ ਸੀ ਕਿ ਇਸ ਮਿਜ਼ਾਈਲ ਦੀ ਸਪਲਾਈ ਯੋਜਨਾਬੱਧ ਢੰਗ ਨਾਲ ਚੱਲਦੀ ਪਈ ਹੈ। ਪੈਂਟਾਗਨ ਦੇ ਬੁਲਾਰੇ ਜੌਹਨ ਕਿਰਬੀ ਨੇ ਪ੍ਰੈਸ ਕਾਨਫਰੰਸ ਵਿੱਚ ਕਿਹਾ, ''ਅਸੀਂ ਇਸ ਤਕਨੀਕ ਬਾਰੇ ਆਪਣੀ ਚਿੰਤਾ ਆਪਣੇ ਭਾਰਤੀ ਭਾਈਵਾਲ ਕੋਲ ਬਹੁਤ ਸਪੱਸ਼ਟ ਪ੍ਰਗਟ ਕਰ ਚੁੱਕੇ ਹਾਂ।'' ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ਭਾਰਤ ਨੂੰ ਐਸ-400 ਦੀ ਪਹਿਲੀ ਖੇਪ ਮਿਲਣ ਤੋਂ ਰੱਖਿਆ ਵਿਭਾਗਕਿੰਨਾ ਫਿਕਰਮੰਦ ਹੈ। ਕਿਰਬੀ ਨੇ ਸੰਕੇਤ ਦਿੱਤਾ ਕਿ ਅਮਰੀਕਾ ਨੇ ਅਜੇ ਇਸ ਬਾਰੇ ਫੈਸਲਾ ਨਹੀਂ ਲਿਆ ਕਿ ਭਾਰਤ ਤੇ ਰੂਸ ਵਿਚਾਲੇ ਲੈਣ-ਦੇਣ ਨਾਲ ਕਿਵੇਂ ਨਜਿੱਠਿਆ ਜਾਵੇ। ਉਨ੍ਹਾਂ ਕਿਹਾ, ''ਸਾਨੂੰ ਉਸ ਸਿਸਟਮਨੂੰ ਲੈ ਕੇ ਲਾਜ਼ਮੀ ਤੌਰ ਉੱਤੇ ਚਿੰਤਾ ਹੈ, ਪਰ ਮੇਰੇ ਕੋਲ ਤੁਹਾਡੇ ਲਈ ਕੋਈ ਤਾਜ਼ਾ ਜਾਣਕਾਰੀ ਨਹੀਂ ਹੈ।''

# ਲਿਵਰਪੂਲ ਬੰਬ ਧਮਾਕੇ ਵਿੱਚ ਗ੍ਰਿਫ਼ਤਾਰ ਚਾਰੇ ਜਣੇ ਰਿਹਾਅ

## * ਟੈਕਸੀ ਸਵਾਰ ਹੀ ਸੀ ਬੰਬ ਧਮਾਕਾ ਕਰਨ ਵਾਲਾ

ਲੰਡਨ, 17 ਨਵੰਬਰ (ਪੋਸਟ ਬਿਊਰੋ)- ਲਿਵਰਪੂਲ ਵਿੱਚ ਹਸਪਤਾਲ ਦੇ ਬਾਹਰ ਟੈਕਸੀ ਵਿੱਚ ਧਮਾਕਾ ਕਰਨ ਵਾਲੇ ਦੋਸ਼ੀ ਦੀ ਪਛਾਣ ਹੋ ਗਈ ਹੈ। 32 ਸਾਲਾ ਇਮਾਦ ਜਮੀਲ ਅਲ-ਸਵੀਲਮੀਨ ਨੇ ਕਾਰ ਵਿੱਚ ਆਪਣੇ ਆਪ ਨੂੰ ਉਡਾਇਆ ਸੀ। ਅੱਜ ਤਕ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਮਾਦ ਨੇ ਅੱਠ ਸਾਲ ਪਹਿਲਾਂ ਈਸਾਈ ਧਰਮ ਆਪਣਾ ਲਿਆ ਸੀ ਜਦੋਂ ਉਹ ਮੱਧ ਪੂਰਬ ਤੋਂ ਬ੍ਰਿਟੇਨ ਆਇਆ ਸੀ। ਉਸ ਨੇ ਆਪਣਾ ਨਾਂਅ ਬਦਲ ਦੇ ਐਨਜ਼ੋ ਅਲਮੇਨੀ ਰੱਖਿਆ ਸੀ।



ਬ੍ਰਿਟਿਸ਼ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਉਸ ਨੇ ਰਾਜਸੀ ਸ਼ਰਨ ਦੀ ਅਰਜ਼ੀ ਵਿੱਚ ਖੁਦ ਨੂੰ ਵਧੇਰੇ 'ਪੱਛਮੀ' ਅਤੇ 'ਘੱਟ ਮੁਸਲਿਮ' ਦਿਖਾਉਣ ਲਈ ਅਜਿਹਾ ਕੀਤਾ ਸੀ। ਇਮਾਦ ਦੀ ਮਾਂ ਇਰਾਕ ਦੀ ਵਸਨੀਕ ਸੀ ਤੇ ਉਸ ਦਾ ਪਾਲਣ ਪੋਸ਼ਣ ਦੁਬਈ ਵਿੱਚ ਹੋਇਆ ਸੀ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਮਾਦ ਨੇ ਆਪਣੇ ਦੋਸਤਾਂ ਨੂੰ ਦੱਸਿਆ ਸੀ ਕਿ ਉਹ ਸੀਰੀਆ ਤੋਂ ਆਇਆ ਹੈ। ਉਸਦੇ ਜਾਰਡਨ ਦੇ ਨਾਗਰਿਕ ਹੋਣ ਦੀ ਪੁਸ਼ਟੀ ਹੋਈ ਹੈ। ਇਮਾਦ ਦਾ ਇਰਾਦਾ ਅਜੇ ਸਪੱਸ਼ਟ ਨਹੀਂ ਹੋ ਰਿਹਾ ਹੈ ਕਿ ਕੀ ਸ਼ਰਨ ਦੇਣ ਤੋਂ ਇਨਕਾਰ ਕਰਨ ਕਰਕੇ ਉਸ ਨੇ ਇਹ ਕਦਮ ਚੁੱਕਿਆ।

# ਕੰਗਨਾ ਰਣੌਤ ਨੇ ਇਸ ਵਾਰੀ ਗਾਂਧੀ ਜੀ ਨੂੰ ਸੱਤਾ ਦਾ ਭੁੱਖਾ ਕਹਿ ਦਿੱਤਾ

ਮੁੰਬਈ, 17 ਨਵੰਬਰ (ਪੋਸਟ ਬਿਊਰੋ)- ਕੰਗਨਾ ਰਣੌਤ ਨੇ ਇਸ ਵਾਰ ਮਹਾਤਮਾ ਗਾਂਧੀ ਵਿਰੁੱਧ ਵਿਵਾਦਤ ਬਿਆਨ ਦਿੱਤਾ ਹੈ। ਉਸ ਨੇ ਇੰਸਟਾਗ੍ਰਾਮ ਸਟੋਰੀਜ਼ ਉੱਤੇ ਲੰਬੇ ਮੈਸੇਜ ਪੋਸਟ ਕੀਤੇ ਹਨ।

ਇਸ ਪੋਸਟ ਵਿੱਚ ਕੰਗਨਾ ਨੇ ਮਹਾਤਮਾ ਗਾਂਧੀ ਉੱਤੇ ਨਿਸ਼ਾਨਾ ਸੇਧਿਆ ਅਤੇ ਉਨ੍ਹਾਂ ਨੂੰ ਸੱਤਾ ਦਾ ਭੁੱਖਾ ਅਤੇ ਚਲਾਕ ਕਿਹਾ ਹੈ। ਦੂਜੀ ਪੋਸਟ ਵਿੱਚ ਲਿਖਿਆ ਕਿ ਗਾਂਧੀ ਜੀ ਚਾਹੁੰਦੇ ਸਨ ਕਿ ਭਗਤ ਸਿੰਘ ਨੂੰ ਫਾਂਸੀ ਹੋ ਜਾਵੇ। ਕੰਗਨਾ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੇ ਹੀਰੋ ਸਮਝਦਾਰੀ ਨਾਲ ਚੁਣਨ। ਉਨ੍ਹਾਂ ਲਿਖਿਆ ਕਿ ਥੱਪੜ ਮਾਰਨ ਵਾਲੇ ਦੇ ਸਾਹਮਣੇ ਦੂਜੀ ਗੱਲ੍ਹ ਅੱਗੇ ਕਰਨ ਨਾਲ ਆਜ਼ਾਦੀ ਨਹੀਂ ਮਿਲਦੀ।ਕੰਗਨਾ ਨੇ ਲਿਖਿਆ ਹੈ, 'ਜੋ ਲੋਕ ਆਜ਼ਾਦੀ ਲਈ ਲੜੇ, ਉਨ੍ਹਾਂ ਨੂੰ ਉਨ੍ਹਾਂ ਲੋਕਾਂ ਨੇ ਆਪਣੇ ਮਾਲਕਾਂ ਨੂੰ ਸੌਂਪ ਦਿੱਤਾ, ਜਿਨ੍ਹਾਂ ਵਿੱਚ ਹਿੰਮਤ ਨਹੀਂ ਸੀ, ਨਾ ਖ਼ੂਨ ਵਿੱਚ ਉਬਾਲ। ਉਹ ਸੱਤਾ ਦੇ ਭੁੱਖੇ ਅਤੇ ਚਲਾਕ ਸਨ, ਇਹ ਉਹੀ ਸਨ, ਜਿਨ੍ਹਾਂ ਨੇ ਸਾਨੂੰ ਸਿਖਾਇਆ ਜੋ ਕੋਈ ਤੁਹਾਨੂੰ ਥੱਪੜ ਮਾਰੇ ਤਾਂ ਉਸ ਦੇ ਅੱਗੇ ਇੱਕ ਹੋਰ ਥੱਪੜ ਲਈ ਦੂਜੀ ਗੱਲ੍ਹ ਕਰ ਦਿਓ ਅਤੇ ਇਸ ਤਰ੍ਹਾਂ ਤੁਹਾਨੂੰ ਆਜ਼ਾਦੀ ਮਿਲ ਜਾਵੇਗੀ, ਇਸ ਤਰ੍ਹਾਂ ਕਿਸੇ ਨੂੰ ਆਜ਼ਾਦੀ ਨਹੀਂ ਮਿਲਦੀ, ਸਿਰਫ ਭੀਖ ਮਿਲਦੀ ਹੈ। ਆਪਣੇ ਹੀਰੋ ਸਮਝਦਾਰੀ ਨਾਲ ਚੁਣੋ।

# ਪਤਨੀ ਦੇ ਕਾਤਲ ਭਾਰਤੀ ਮੂਲ ਦੇ ਵਿਅਕਤੀ ਨੂੰ ਉਮਰ ਕੈਦ



ਲੰਡਨ, 17 ਨਵੰਬਰ (ਪੋਸਟ ਬਿਊਰੋ)- ਗੁੱਸੇ ਵਿੱਚ ਪਤਨੀ ਨੂੰ 18 ਵਾਰ ਚਾਕੂ ਮਾਰ ਕੇ ਮਾਰਨ ਵਾਲੇ ਇੱਕ ਭਾਰਤੀ ਮੂਲ ਦੇ ਵਿਅਕਤੀ ਨੂੰ ਬ੍ਰਿਟੇਨ ਦੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਦੱਖਣ-ਪੂਰਬੀ ਇੰਗਲੈਂਡ ਦੇ ਮਿਲਟਨ ਕੀਨਸ ਇਲਾਕੇ ਵਿੱਚ ਰਹਿਣ ਵਾਲੇ ਅਨਿਲ ਗਿੱਲ (47) ਨੇ ਪੁਲਸ ਨੂੰ ਫੋਨ ਉੱਤੇ ਇਹ ਕਹਿ ਕੇ ਆਪਣੇ ਘਰ ਸੱਦਿਆ ਕਿ ਉਸਦੀ ਪਤਨੀ ਰਣਜੀਤ ਗਿੱਲ (43) ਦੀ ਹੱਤਿਆ ਹੋ ਗਈ ਹੈ। ਪੁਲਸ ਨੂੰ ਰਣਜੀਤ ਦੀ ਲਾਸ਼ ਘਰ ਦੇ ਗੈਰੇਜ ਵਿੱਚ ਰਜਾਈ ਵਿੱਚਲਿਪਟੀ ਹੋਈ ਕੂੜੇ ਵਾਲੇ ਬੈਗ ਵਿੱਚ ਬੰਦ ਮਿਲੀ ਸੀ। ਉਸ ਦੇ ਸਰੀਰ ਉੱਤੇ ਚਾਕੂਆਂ ਦੇ ਕਈ ਨਿਸ਼ਾਨ ਸਨ। ਉਹ ਕੁਝ ਸਮਾਂ ਪਹਿਲਾਂ ਮਰੀ ਸੀ। ਟੇਮਸ ਵੈਲੀ ਪੁਲਸ ਅਨੁਸਾਰ ਅਨਿਲ ਸ਼ੁਰੂ ਵਿੱਚ ਲਗਾਤਾਰ ਇਹ ਦਾਅਵਾ ਕਰਦਾ ਰਿਹਾ ਕਿ ਉਹ ਹੱਤਿਆ ਦਾ ਦੋਸ਼ੀ ਨਹੀਂ, ਪਰ ਪੁੱਛਗਿੱਛਦੀ ਸਖ਼ਤੀ ਉੱਤੇਮੰਨ ਲਿਆ ਕਿ ਉਸ ਨੇ ਗੁੱਸੇ ਵਿੱਚ ਆ ਕੇ ਚਾਕੂ ਮਾਰ ਕੇ ਪਤਨੀ ਦੀ ਹੱਤਿਆ ਕਰ ਦਿੱਤੀ ਸੀ। ਉਸ ਨੇ ਕਿਹਾ ਕਿ ਉਹ ਰਣਜੀਤ ਦੀ ਹੱਤਿਆ ਨਹੀਂ ਕਰਨੀ ਚਾਹੁੰਦਾ ਸੀ। ਹੱਤਿਆ ਤੋਂ ਬਾਅਦ ਉਸ ਨੇ ਵਾਰਦਾਤ ਵਾਲੀ ਜਗ੍ਹਾ ਸਾਫ਼ ਕੀਤੀ ਅਤੇ ਰਣਜੀਤ ਜੀ ਲਾਸ਼ ਰਜਾਈ ਵਿੱਚ ਲਪੇਟ ਕੇ ਬੈਗ ਵਿੱਚ ਬੰਦ ਕੀਤੀ ਅਤੇ ਗੈਰੇਜ ਵਿੱਚ ਟਿਕਾਣੇ ਲਾਉਣ ਤੋਂ ਬਾਅਦ ਨਹਾ ਕੇ ਸੌਂ ਗਿਆ। ਉਠਣ ਪਿੱਛੋਂ ਉਸ ਨੇ ਪੁਲਸ ਨੂੰ ਫ਼ੋਨ ਕੀਤਾ। ਅਨਿਲ ਉੱਤੇ ਹੱਤਿਆ ਦੇ ਦੋਸ਼ ਫਰਵਰੀ ਵਿੱਚ ਤੈਅ ਕੀਤੇ ਗਏ ਸਨ ਅਤੇ ਕੱਲ੍ਹ ਉਸ ਨੂੰ ਲਿਊਟਨ ਕਰਾਊਨ ਕੋਰਟ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਅਨਿਲ ਨੂੰ 22 ਸਾਲ ਤਕ ਸੀਖਾਂ ਦੇ ਪਿੱਛੇ ਰਹਿਣ ਤੋਂ ਬਾਅਦ ਹੀ ਪੈਰੋਲ ਮਿਲ ਸਕੇਗੀ।

# ਬੀ ਐਸ ਐਫ ਦਾ ਅਧਿਕਾਰ ਖੇਤਰ ਵਧਾਉਣ ਖਿਲਾਫ ਪੱਛਮੀ ਬੰਗਾਲ ਵੱਲੋਂ ਵੀ ਮਤਾ ਪਾਸ



ਕੋਲਕਾਤਾ, 17 ਨਵੰਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿਧਾਨ ਸਭਾ ਨੇ ਕੱਲ੍ਹ ਭਾਜਪਾ ਵਿਧਾਇਕਾਂ ਦੇ ਤਿੱਖੇ ਵਿਰੋਧ ਦੇ ਬਾਵਜੂਦ ਬੀ ਐਸ ਐਫ ਦਾ ਅਧਿਕਾਰ ਖੇਤਰ ਵਧਾਉਣ ਦੇ ਕੇਂਦਰੀ ਫੈਸਲੇ ਖਿਲਾਫ ਮਤਾ ਪਾਸ ਕਰ ਦਿੱਤਾ ਹੈ। ਪੰਜਾਬ ਤੋਂ ਬਾਅਦ ਅਜਿਹਾ ਮਤਾ ਪਾਸ ਕਰਨ ਵਾਲਾ ਬੰਗਾਲ ਦੂਸਰਾ ਰਾਜ ਹੋ ਗਿਆ ਹੈ।

ਇਸ ਬਾਰੇ ਪੱਛਮੀ ਬੰਗਾਲ ਦੇ ਪਾਰਲੀਮੈਂਟਰੀ ਮਾਮਲਿਆਂ ਬਾਰੇ ਮੰਤਰੀ ਚੈਟਰਜੀ ਵੱਲੋਂ ਸਦਨ ਦੇ ਸੰਚਾਲਨ ਦੀਆਂ ਪ੍ਰਕਿਰਿਆਵਾਂ ਦੇ ਨਿਯਮ 169 ਅਧੀਨ ਇਹ ਮਤਾ ਲਿਆਂਦਾ ਸੀ। ਉਨ੍ਹਾ ਨੇ ਕਿਹਾ, ਅਸੀਂ ਮੰਗ ਕਰਦੇ ਹਾਂ ਕਿ ਇਹ ਫੈਸਲਾ ਤੁਰੰਤ ਵਾਪਸ ਲਿਆ ਜਾਵੇ, ਕਿਉਂਕਿ ਬੀ ਐਸ ਐਫ ਦਾ ਅਧਿਕਾਰ ਖੇਤਰ ਵਧਾਉਣਾ, ਦੇਸ਼ ਦੇ ਫੈਡਰਲ ਢਾਂਚੇ ਉੱਤੇ ਸਿੱਧਾ ਹਮਲਾ ਹੈ। ਟੀ ਐਮ ਸੀ ਵਿਧਾਇਕ ਉਦਯਨ ਗੁਹਾ ਦੀ ਟਿੱਪਣੀ ਤੋਂ ਸਦਨ ਵਿੱਚ ਸਾਰਾ ਦਿਨ ਹੰਗਾਮਾ ਹੁੰਦਾ ਰਿਹਾ। ਉਸ ਨੇ ਕਿਹਾ ਸੀ ਕਿ ਸਰਹੱਦੀ ਇਲਾਕੇ ਵਿੱਚ ਰਹਿਣ ਵਾਲਾ ਬੱਚਾ ਜੇ ਕਦੇ ਬੀ ਐਸ ਐਫ ਵੱਲੋਂ ਚੈਕਿੰਗ ਦੇ ਨਾਂਅ ਉੱਤੇ ਆਪਣੀ ਮਾਂ ਦੀ ਅਣਉਚਿਤ ਢੰਗ ਨਾਲ ਤਲਾਸ਼ੀ ਲੈਂਦਿਆਂ ਦੇਖ ਲਵੇਗਾ ਤਾਂਉਹ ਕਦੇ ਵੀ ਦੇਸ਼ ਭਗਤ ਨਹੀਂ ਬਣ ਸਕੇਗਾ। ਭਾਜਪਾ ਵਿਧਾਇਕਾਂ ਨੇ ਗੁਹਾ ਦੀ ਇਸ ਟਿੱਪਣੀ ਦੀ ਨਿੰਦਾ ਕੀਤੀ ਅਤੇ ਇਸ ਨੂੰ ਹਟਾਉਣ ਦੀ ਮੰਗ ਕੀਤੀ।

ਵਿਰੋਧੀ ਧਿਰ ਦੇ ਆਗੂ ਸੁਵੇਂਦੂ ਅਧਿਕਾਰੀ ਨੇ ਕਿਹਾ ਕਿ ਬੀ ਐਸ ਐਫ ਵਰਗੀ ਫੋਰਸ ਦੇ ਖਿਲਾਫ ਅਜਿਹੀ ਭਾਸ਼ਾ ਦੀ ਵਰਤੋਂ ਸਵੀਕਾਰ ਨਹੀਂ ਕੀਤੀ ਜਾਵੇਗੀ। ਮਤੇ ਦੇ ਹੱਕ ਵਿੱਚ 112 ਤੇ ਵਿਰੋਧ ਵਿੱਚ 63 ਵੋਟਾਂ ਪਈਆਂ। ਵਰਨਣ ਯੋਗ ਹੈ ਕਿ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੇ ਬੀ ਐਸ ਐਫ ਐਕਟ ਵਿੱਚ ਇੱਕ ਸੋਧ ਕਰ ਕੇ ਇਸ ਫੋਰਸ ਨੂੰ ਪੰਜਾਬ, ਪੱਛਮੀ ਬੰਗਾਲ ਤੇ ਆਸਾਮ ਵਿਚਲੀਆਂ ਕੌਮਾਂਤਰੀ ਸਰਹੱਦਾਂ ਦੀ ਚੈਕਿੰਗ ਦਾ ਅਧਿਕਾਰ ਖੇਤਰ ਪੰਦਰਾਂ ਕਿਲੋਮੀਟਰ ਤੋਂ ਵਧਾ ਕੇ ਪੰਜਾਹ ਕਿਲੋਮੀਟਰ ਤਕ ਕਰ ਦਿੱਤਾ ਸੀ।

## ਕੇਰਲ ਹਾਈ ਕੋਰਟ ਦਾ ਕੇਂਦਰ ਨੂੰ ਸਵਾਲ:

# ਟੀਕੇ ਕਾਰਨ ਕਿਸੇ ਦੀ ਨੌਕਰੀ ਖੁੱਸ ਜਾਏ ਤਾਂ ਕੀ ਸਰਕਾਰ ਅਪੀਲ ਨਹੀਂ ਸੁਣੇਗੀ?

ਕੋਚੀ, 17 ਨਵੰਬਰ (ਪੋਸਟ ਬਿਊਰੋ)- ਜੇ ਸਰਕਾਰ ਵੱਲੋਂ ਲਾਏ ਜਾ ਰਹੇ ਟੀਕੇ ਨਾਲ ਕਿਸੇ ਦੀ ਨੌਕਰੀ ਚਲੀ ਜਾਏ ਤਾਂ ਕੀ ਉਸ ਦੀ ਸ਼ਿਕਾਇਤ ਸੁਣਨਾ ਸਰਕਾਰ ਦਾ ਫਰਜ਼ ਨਹੀਂ? ਕੇਰਲ ਹਾਈ ਕੋਰਟ ਨੇ ਇਹ ਸਵਾਲ ਕੇਂਦਰ ਸਰਕਾਰ ਨੂੰ ਕੀਤਾ ਅਤੇ ਇਸ ਦੇ ਨਾਲ ਇਸ ਬਾਰੇ ਦਾਇਰ ਇੱਕ ਅਰਜ਼ੀ ਉੱਤੇ ਸਰਕਾਰ ਤੋਂ ਜਾਣਕਾਰੀ ਮੰਗੀ ਹੈ।

ਪਟੀਸ਼ਨਰ ਨੇ ਮੰਗ ਕੀਤੀ ਹੈ ਕਿ ਉਸ ਨੂੰ ਸੰਸਾਰ ਪੱਧਰ ਉੱਤੇ ਮਾਨਤਾ ਪ੍ਰਾਪਤ ਟੀਕੇ ਦੀ ਤੀਸਰੀ ਡੋਜ਼ ਲੈ ਲੈਣ ਦੀ ਇਜਾਜ਼ਤ ਦਿੱਤੀ ਜਾਏ, ਤਾਂ ਕਿ ਉਹ ਸਾਊਦੀ ਅਰਬ ਵਾਪਸ ਜਾ ਸਕੇ। ਉਹ ਸਾਊਦੀ ਵਿੱਚ ਕੋਰੋਨਾ ਮਹਾਮਾਰੀ ਤੋਂ ਪਹਿਲਾਂ ਉਹ ਵੈਲਡਰ ਦੇ ਤੌਰ ਉੱਤੇ ਕੰਮ ਕਰਦਾ ਸੀ। ਉਸ ਦਾ ਤਰਕ ਹੈ ਸਾਊਦੀ ਅਰਬ ਵਿੱਚ ਕੋਵੈਕਸੀਨ ਨੂੰ ਮਾਨਤਾ ਨਾ ਹੋਣ ਕਰ ਕੇ ਉਸ ਨੂੰ ਉਥੇ ਜਾਣ ਦੀ ਮਨਜ਼ੂਰੀ ਨਹੀਂ ਮਿਲ ਰਹੀ, ਇਸ ਲਈ ਉਸ ਨੇ ਟੀਕੇ ਦੀ ਤੀਸਰੀ ਡੋਜ਼ ਲਈ ਕੋਰਟ ਵਿੱਚ ਅਰਜ਼ੀ ਪੇਸ਼ ਕੀਤੀ ਹੈ। ਜਸਟਿਸ ਪੀ ਵੀ ਕੁਨਕ੍ਰਿਸ਼ਨਨ ਨੇ ਕਿਹਾ ਕਿ ਅਸੀਂ ਕੇਂਦਰ ਸਰਕਾਰ ਉੱਤੇ ਦੋਸ਼ ਨਹੀਂ ਲਾ ਰਹੇ। ਅਦਾਲਤ ਨੇ ਕਿਹਾ ਕਿ ਸਰਕਾਰੀ ਟੀਕਾ ਲਾਏ ਜਾਣ ਨਾਲ ਕਿਸੇ ਨਾਗਰਿਕ ਦਾ ਰੋਜ਼ਗਾਰ ਖੁੱਸਣਾ ਜਾਂ ਯਾਤਰਾ ਉੱਤੇ ਪਾਬੰਦੀ ਲੱਗਣਾ, ਉਸ ਦੇ ਮੌਲਿਕ ਅਧਿਕਾਰਾਂ ਦਾ ਘਾਣ ਹੈ। ਅਦਾਲਤ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸਹਾਇਕ ਸਾਲਿਸਟਰ ਜਨਰਲ (ਏ ਐਸ ਜੀ) ਮਨੂ ਐਸ ਨੂੰ ਨਿਰਦੇਸ਼ ਦਿੱਤਾ ਕਿ ਉਹ ਪਤਾ ਕਰਨ ਕਿ ਸਾਊਦੀ ਵਿੱਚ ਕੋਵੈਕਸੀਨ ਨੂੰ ਮਨਜ਼ੂਰੀ ਕਿਉਂ ਨਹੀਂ ਮਿਲੀ, ਜਦ ਕਿ ਇਸ ਨੂੰ ਵਿਸ਼ਵ ਸਿਹਤ ਸੰਗਠਨ ਮਨਜ਼ੂਰੀ ਦੇ ਚੁੱਕਾ ਹੈ। ਕੋਰਟ ਦੇ ਇਸ ਸਵਾਲ ਉੱਤੇ ਏ ਐਸ ਜੀ ਨੇ ਕਿਹਾ ਕਿ ਮਹਾਮਾਰੀ ਵਿੱਚ ਜਾਨ ਬਚਾਉਣਾ ਪਹਿਲ ਸੀ, ਇਸ ਲਈ ਕੇਂਦਰ ਸਰਕਾਰ ਨੇ ਉਸ ਸਮੇਂ ਟੀਕੇ ਦੀ ਅੰਤਰਰਾਸ਼ਟਰੀ ਮਨਜ਼ੂਰੀ ਦੀ ਉਡੀਕ ਨਹੀਂ ਕੀਤੀ। ਉਨ੍ਹਾਂ ਨੇ ਕਿਹਾ ਕਿ ਦਬਾਅ ਬਣਾਉਣ ਦੇ ਪੱਖ ਤੋਂ ਸਰਕਾਰ ਦੀਆਂ ਆਪਣੀਆਂ ਹੱਦਾਂ ਹਨ। ਉਨ੍ਹਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਕੋਰਟ ਨੇ ਸੁਣਵਾਈ 29 ਨਵੰਬਰ ਤਕ ਟਾਲ ਦਿੱਤੀ।

# ਫਿੰਚ ਨੇ ਭਾਰਤ ਦੀ ਰੇਟਿੰਗ ਲਗਾਤਾਰ 15ਵੇਂ ਸਾਲ ਵੀ ਨਹੀਂ ਸੁਧਾਰੀ

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਵੱਕਾਰ ਵਾਲੀ ਰੇਟਿੰਗ ਏਜੰਸੀ ਫਿੰਚ ਨੇ ਲਗਾਤਾਰ 15ਵੇਂ ਸਾਲ ਭਾਰਤ ਦੀ ਸਾਵਰੇਨ ਰੇਟਿੰਗ ਨਹੀਂ ਸੁਧਾਰੀ। ਕ੍ਰੈਡਿਟ ਰੇਟਿੰਗ ਏਜੰਸੀ ਨੇ ਰੇਟਿੰਗ ਬੀ ਬੀ ਬੀ ਮਾਇਨਸ ਉੱਤੇ ਕਾਇਮ ਰੱਖ ਕੇ ਕਿਹਾ ਕਿ ਤੇਜ਼ੀ ਨਾਲ ਸੁਧਰਦੀ ਅਰਥਵਿਵਸਥਾ ਦੇ ਕਾਰਨ ਮੱਧਮ ਮਿਆਦ ਵਿੱਚ ਵਿਕਾਸ ਨੂੰ ਖਤਰਾ ਘੱਟ ਹੈ। ਆਖਰੀ ਵਾਰ ਇਸ ਏਜੰਸੀ ਨੇ ਅਗਸਤ 2006 ਵਿੱਚ ਰੇਟਿੰਗ ਅਪਗ੍ਰੇਡ ਕੀਤੀ ਸੀ। ਓਦੋਂ ਤੋਂ ਅੱਜਣ ਤਕ ਬੀ ਬੀ ਸੀ ਮਾਇਨਸ ਚੱਲ ਰਹੀ ਹੈ, ਜਦ ਕਿ ਆਊਟਲੁਕ ਸਥਿਰ ਅਤੇ ਨਕਾਰਾਤਮਕ ਹਾਲਤਾਂ ਵਿਚਾਲੇ ਘੁੰਮ ਰਿਹਾ ਹੈ।

ਬੀ ਬੀ ਬੀ ਮਾਈਨਸ ਸਭ ਤੋਂ ਘੱਟ ਨਿਵੇਸ਼ ਗ੍ਰੇਡ ਰੇਟਿੰਗ ਹੈ। ਪਿਛਲੇ ਮਹੀਨੇ ਇੱਕ ਹੋਰ ਵਰਲਡ ਰੇਟਿੰਗ ਏਜੰਸੀ ਮੂਡੀਜ਼ ਨੇ ਭਾਰਤ ਦੀ ਸਾਵਰੇਨ ਰੇਟਿੰਗ ਨੂੰ ਸਥਿਰ ਰੱਖਿਆ, ਪਰ ਇਕਾਨਮੀ ਦੇ ਆਊਟਲੁਕ ਨੂੰ ਨੈਗੇਟਿਵ ਨਾਲ ਸਥਿਰ ਕਰ ਦਿੱਤਾ ਸੀ। ਇਸ ਏਜੰਸੀ ਨੇ ਚਾਲੂ ਸਾਲ ਵਿੱਚ 9.3 ਫੀਸਦੀ ਦੇ ਵਾਧੇ ਦਾ ਅਨੁਮਾਨ ਲਾਇਆ ਸੀ ਅਤੇ ਅਗਲੇ ਸਾਲ ਵਿੱਚ 7.9 ਫੀਸਦੀ ਦਾ ਵਾਧਾ ਹੋਣ ਦੀ ਗੱਲ ਕਹੀ ਸੀ। ਨੈਗੇਟਿਵ ਆਊਟਲੁਕ ਦੇ ਨਾਲ ਰੇਟਿੰਗ ਕਾਇਮ ਰੱਖਦੇ ਹੋਏ ਫਿੰਚ ਨੇ ਕਿਹਾ, ''ਸਾਡਾ ਅਨੁਮਾਨ ਹੈ ਕਿ ਜੀ ਡੀ ਪੀ ਵਿੱਚ ਸਾਲ 2021-22 ਵਿੱਚ 8.7 ਫੀਸਦੀ ਅਤੇ ਸਾਲ 2022-23 ਵਿੱਚ 10 ਫੀਸਦੀ ਵਾਧਾ ਹੋਵੇਗਾ। ਇਹ ਤੇਜ਼ੀ ਨਾਲ ਸੁਧਰਦੀ ਅਰਥਵਿਵਸਥਾ ਕਾਰਨ ਯਕੀਨੀ ਹੋਵੇਗਾ। ਵਿੱਤੀ ਸਾਲ 2023-24 ਤੋਂ 2025-26 ਦਰਮਿਆਨ ਜੀ ਡੀ ਪੀ ਦੇ ਲਗਭਗ ਸੱਤ ਫੀਸਦੀ ਰਹਿਣ ਦਾ ਅੰਦਾਜ਼ਾ ਹੈ।''

# ਪੂਜਾ ਦੇ ਤਰੀਕੇ ਵਿੱਚ ਦਖਲ ਦੇਣ ਤੋਂ ਸੁਪਰੀਮ ਕੋਰਟ ਦਾ ਇਨਕਾਰ



ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਕਿ ਅਦਾਲਤਾਂ ਕਿਸੇ ਮੰਦਰ ਦੇ ਨਿੱਤ ਦਿਨ ਦੇ ਕੰਮਾਂ ਵਿੱਚ ਦਖਲ ਨਹੀਂ ਦੇ ਸਕਦੀਆਂ। ਸੁਪਰੀਮ ਕੋਰਟ ਨੇ ਮਸ਼ਹੂਰ ਤਿਰੂਪਤੀ ਬਾਲਾਜੀ ਮੰਦਰ ਦੇ ਕੁਝ ਪੂਜਾ ਸਥਾਨਾਂ ਵਿੱਚ ਬੇਨਿਯਮੀਆਂ ਦੇ ਦੋਸ਼ਾਂ ਬਾਰੇ ਪਟੀਸ਼ਨ ਉੱਤੇ ਨੋਟਿਸ ਜਾਰੀ ਕਰਨ ਤੋਂ ਵੀ ਨਾਂਹ ਕਰ ਦਿੱਤੀ।

< ਚੀਫ ਜਸਟਿਸ ਐਨ ਵੀ ਰਾਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਸੰਵਿਧਾਨਕ ਅਦਾਲਤਾਂ ਇਹ ਨਹੀਂ ਦੱਸ ਸਕਦੀਆਂ ਕਿ ਕਿਸੇ ਮੰਦਰ ਵਿੱਚ ਕਿਵੇਂ ਪੂਜਾ ਕੀਤੀ ਜਾਵੇ, ਕਿਵੇਂ ਨਾਰੀਅਲ ਤੋੜੇ ਜਾਣ ਜਾਂ ਦੇਵੀ-ਦੇਵਤਾ ਨੂੰ ਕਿਸ ਤਰ੍ਹਾਂ ਮਾਲਾ ਪਹਿਨਾਈ ਜਾਵੇ। ਭਾਰਤ ਦੇ ਮੁੱਖ ਜੱਜ ਦੇ ਨਾਲ ਇਸ ਬੈਂਚ ਵਿੱਚ ਜਸਟਿਸ ਏ ਐਸ ਬੋਪੰਨਾ ਅਤੇ ਜਸਟਿਸ ਹਿਮਾ ਕੋਹਲੀ ਵੀ ਸ਼ਾਮਲ ਹਨ। ਉਨ੍ਹਾ ਨੇ ਕਿਹਾ ਕਿ ਇਹ ਮੁੱਦੇ ਪਟੀਸ਼ਨ ਨਾਲ ਤੈਅ ਨਹੀਂ ਹੋ ਸਕਦੇ। ਪਟੀਸ਼ਨਰ ਸਰਵਰੀ ਦੱਦਾ ਨੇ ਕਿਹਾ ਕਿ ਇਹ ਜਨਤਕ ਮੰਦਰ ਹੈ। ਇਸ ਉੱਤੇਅਦਾਲਤ ਨੇ ਕਿਹਾ ਕਿ ਕੋਰਟ ਇਸ ਕੇਸ ਵਿੱਚ ਕਿਵੇਂ ਦਖਲ ਦੇਵੇਗੀ ਕਿ ਕਿਵੇਂ ਰਸਮਾਂਨਿਭਾਈਆਂ ਜਾਣ। ਅਦਾਲਤ ਨੇ ਮੰਨਿਆ ਕਿ ਪਟੀਸ਼ਨ ਵਿੱਚ ਜੋ ਰਾਹਤ ਮੰਗੀ ਗਈ ਹੈ, ਉਹ ਮੰਦਰ ਦੇ ਰੋਜ਼ਾਨਾ ਕੰਮ-ਕਾਜ ਵਿੱਚ ਦਖਲ ਵਾਲੀ ਹੈ, ਅਦਾਲਤਾਂ ਇਹ ਨਹੀਂ ਦੇਖ ਸਕਦੀਆਂ। ਜੇ ਪਰੰਪਰਾ ਕੁਝ ਵੱਖ ਹੋਣ ਦੀ ਹੋਵੇ ਤਾਂ ਉਸ ਦੇ ਸਬੂਤ ਹੋਣ ਤਾਂ ਅਦਾਲਤ ਸੋਚ ਸਕਦੀ ਹੈ। ਕੋਰਟਨੇ ਕਿਹਾ ਕਿ ਪਟੀਸ਼ਨਰ ਦੀਆਂ ਸ਼ਿਕਾਇਤਾਂ ਉੱਤੇਮੰਦਰ ਪ੍ਰਸ਼ਾਸਨ ਧਿਆਨ ਦੇਵੇ ਤੇ ਜੇ ਕੁਝ ਸ਼ਿਕਾਇਤਾਂ ਰਹਿ ਜਾਣ ਤਾਂ ਪਟੀਸ਼ਨਰ ਯੋਗ ਮੰਚ ਉੱਤੇ ਗੱਲ ਰੱਖ ਸਕਦਾ ਹੈ।


ਭਗਵਾਨ ਵੈਂਕਟੇਸ਼ਵਰ ਸਵਾਮੀ ਦੇ ਭਗਤ ਦੱਦਾ ਨੇ ਤਿਰੂਪਤੀ ਮੰਦਰ ਦੇ ਪੂਜਾ ਪਾਠ ਵਿੱਚ ਬੇਨਿਯਮੀ ਹੋਣ ਦਾ ਦੋਸ਼ ਲਾਇਆ ਸੀ। 29 ਸਤੰਬਰ ਦੀ ਸੁਣਵਾਈ ਵਿੱਚ ਸੁਪਰੀਮ ਕੋਰਟ ਨੇ ਮੰਦਰ ਦਾ ਪ੍ਰਬੰਧ ਕਰਨ ਵਾਲੇ ਤਿਰੂਮਾਲਾ ਤਿਰੂਪਤੀ ਦੇਵਸਥਾਨਮ (ਟੀ ਟੀ ਡੀ) ਨੂੰ ਇੱਕ ਹਫਤੇ ਵਿੱਚ ਸ਼ਿਕਾਇਤ ਉੱਤੇ ਜਵਾਬ ਦੇਣ ਨੂੰ ਕਿਹਾ ਸੀ।ਇਸ ਤੋਂ ਪਹਿਲਾਂ ਆਂਧਰਾ ਪ੍ਰਦੇਸ਼ ਹਾਈ ਕੋਰਟ ਨੇ ਵੀ ਇਹ ਪਟੀਸ਼ਨ ਇਹ ਕਹਿ ਕੇ ਰੱਦ ਕਰ ਦਿੱਤੀ ਸੀ ਕਿ ਉਹ ਪੂਜਾ ਕਰਨ ਦੇ ਢੰਗਾਂ ਵਿੱਚ ਦਖਲ ਨਹੀਂ ਦੇ ਸਕਦੀ। ਹਾਈ ਕੋਰਟ ਨੇ ਕਿਹਾ ਕਿ ਇਹ ਮਾਮਲਾ ਦੇਵਸਥਾਨਮ ਦੇ ਅਧਿਕਾਰ ਖੇਤਰ ਦਾ ਹੈ।

# ਚੀਨ ਦੁਨੀਆ ਦਾ ਸਭ ਤੋਂ ਅਮੀਰ ਦੇਸ਼ ਬਣ ਗਿਆ



ਬੀਜਿੰਗ, 17 ਨਵੰਬਰ (ਪੋਸਟ ਬਿਊਰੋ)- ਚੀਨ ਦੁਨੀਆ ਦਾ ਸਭ ਤੋਂ ਅਮੀਰ ਦੇਸ਼ ਹੋ ਗਿਆ ਹੈ। ਵਿਸ਼ਵ ਪੱਧਰੀ ਆਮਦਨ ਵਿੱਚ 60 ਫ਼ੀਸਦੀ ਤੋਂ ਵੱਧ ਦੀ ਹਿੱਸੇਦਾਰੀ ਰੱਖਣ ਵਾਲੇ 10 ਦੇਸ਼ਾਂ ਦੀਆਂ ਬੈਲੇਂਸਸ਼ੀਟਵੇਖਣ ਵਾਲੀ ਕੰਸਲਟੈਂਟ ਮੈਕਿੰਜੀ ਐਂਡ ਕੰਪਨੀ ਦੀ ਰਿਸਰਚ ਸ਼ਾਖਾ ਦੀ ਰਿਪੋਰਟ ਅਨੁਸਾਰ ਪਿਛਲੇ 20 ਸਾਲਾਂ ਵਿੱਚ ਦੁਨੀਆ ਦੀ ਜਾਇਦਾਦ ਤਿੰਨ ਗੁਣਾ ਵਧੀ ਹੈ। ਇਨ੍ਹਾਂ ਜਾਇਦਾਦਾਂ ਵਿੱਚ ਚੀਨ ਦੀ ਹਿੱਸੇਦਾਰੀ ਇੱਕ ਤਿਹਾਈ ਹੈ।

ਇਸ ਰਿਪੋਰਟ ਅਨੁਸਾਰ ਸਾਲ 2000 ਵਿੱਚ ਜਿੱਥੇ ਦੁਨੀਆ ਭਰ ਦੀ ਜਾਇਦਾਦ 156 ਟ੍ਰਿਲੀਅਨ ਡਾਲਰ ਸੀ, ਉਥੇ 2020 ਵਿੱਚ ਵੱਧ ਕੇ 514 ਟ੍ਰਿਲੀਅਨ ਡਾਲਰ ਹੋ ਗਈ। ਚੀਨ ਦੀ ਜਾਇਦਾਦ ਵਿੱਚ ਜ਼ਬਰਦਸਤ ਵਾਧਾ ਹੋਇਆ ਹੈ। ਸਾਲ 2000 ਵਿੱਚ ਉਸਦੀ ਜਾਇਦਾਦ ਕੇਵਲ ਸੱਤ ਟ੍ਰਿਲੀਅਨ ਡਾਲਰ ਸੀ ਅਤੇ 2020 ਤਕ ਵੱਧ ਕੇ 120 ਟ੍ਰਿਲੀਅਨ ਡਾਲਰ ਤੱਕ ਪੁੱਜ ਗਈ। ਦੂਸਰੇ ਨੰਬਰ ਉੱਤੇਅਮਰੀਕਾ ਦੀ ਜਾਇਦਾਦ 20 ਸਾਲਾਂ ਵਿੱਚ ਦੋਗੁਣੀ ਹੋਈ ਹੈ। ਸਾਲ 2020 ਵਿੱਚ ਅਮਰੀਕੀ ਜਾਇਦਾਦ 90 ਟ੍ਰਿਲੀਅਨ ਡਾਲਰ ਤਕ ਪੁੱਜ ਗਈ। ਰਿਪੋਰਟ ਅਨੁਸਾਰ ਅਮਰੀਕਾ ਵਿੱਚ ਜਾਇਦਾਦ ਦੇ ਭਾਅ ਵਿੱਚ ਬਹੁਤਾ ਵਾਧਾ ਨਾ ਹੋਣ ਕਾਰਨ ਅਮਰੀਕੀ ਜਾਇਦਾਦ ਚੀਨ ਦੇ ਮੁਕਾ-ਬਲੇ ਘੱਟ ਰਹੀ ਅਤੇ ਉਸ ਨੂੰ ਦੂਸਰੇ ਨੰਬਰ ਉੱਤੇ ਜਾਣਾ ਪਿਆ। ਰਿਪੋਰਟ ਵਿੱਚ ਇਹ ਗੱਲ ਕਹੀ ਗਈ ਹੈ ਕਿ ਦੁਨੀਆ ਵਿੱਚ ਸਭ ਤੋਂ ਵੱਧ ਜਾਇਦਾਦ ਵਾਲੇ ਚੀਨ ਅਤੇ ਅਮਰੀਕਾ ਵਿੱਚ ਧਨ ਦਾ ਵੱਡਾ ਹਿੱਸਾ ਕੇਵਲ ਕੁਝ ਅਮੀਰ ਲੋਕਾਂ ਕੋਲ ਹੈ। ਰਿਪੋਰਟ ਅਨੁਸਾਰ ਦੋਵਾਂ ਦੇਸ਼ਾਂ ਵਿੱਚ ਕੇਵਲ 10 ਫੀਸਦੀ ਆਬਾਦੀ ਕੋਲ ਜਾਇਦਾਦ ਦਾ ਦੋ ਤਿਹਾਈ ਹਿੱਸਾ ਹੈ ਅਤੇ ਇਨ੍ਹਾਂ ਦੇ ਸ਼ੇਅਰ ਲਗਾਤਾਰ ਵਧ ਰਹੇ ਹਨ। ਮੈਕਿੰਜੀ ਦੀ ਰਿਪੋਰਟ ਦੱਸਦੀ ਹੈ ਕਿ ਦੁਨੀਆ ਦਾ 68 ਫ਼ੀਸਦੀ ਪੈਸਾ ਰਿਅਲ ਅਸਟੇਟ ਵਿੱਚ ਲੱਗਾ ਹੋਇਆ ਹੈ। ਦੂਜੇ ਪਾਸੇ ਬਾਕੀ ਦੀ ਜਾਇਦਾਦ ਵਿੱਚ ਬੁਨਿਆਦੀ ਢਾਂਚਾ, ਮਸ਼ੀਨੀਰੀ ਅਤੇ ਉਪਕਰਨ ਵਰਗੀਆਂ ਚੀਜ਼ਾਂ ਸ਼ਾਮਲ ਹਨ।






# ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777
416.802.5866
31 Melanie Dr. Unit #4 Brampton, ON L6T 5H8




$1,399,999
CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਂਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




$1,749,900
8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




$1,950,000
26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

# HELP WANTED
## ਕਾਮਿਆਂ ਦੀ ਲੋੜ
### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department



# ਤੰਦੂਰੀ ਸ਼ੈੱਫ ਦੀ ਲੋੜ

"ਫਿਊਜ਼ਨ ਬੂਥ", 1900 ਆਕਸਫੋਰਡ ਸਟਰੀਟ, ਲੰਡਨ, ਓਨਟਾਰੀਓ ਵਿਖੇ ਫੁਲ ਟਾਈਮ ਲਈ ਤੰਦੂਰੀ ਸ਼ੈੱਫ ਦੀ ਲੋੜ ਹੈ, ਜੋ ਭਾਰਤੀ ਸਟਾਇਲ ਦੇ ਓਵਨ 'ਚ ਬਰੈੱਡ ਅਤੇ ਮੀਟ ਤਿਆਰ ਕਰਨ ਦੇ ਯੋਗ ਹੋਵੇ। ਘੱਟ ਤੋਂ ਘੱਟ 6 ਮਹੀਨੇ ਦਾ ਤਜਰਬਾ ਹੋਣਾ ਲਾਜ਼ਮੀ ਹੈ, 1 ਸਾਲ ਦੇ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। ਤਨਖਾਹ ਤਜ਼ਰਬੇ ਦੇ ਹਿਸਾਬ ਨਾਲ ਹੋਵੇਗੀ।

ਸੰਪਰਕ: 647-638-6347



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਟਾਂਕ ਕਸ਼ੱਤਰੀ ਲੜਕਾਂ, ਉਮਰ 25 ਸਾਲ, ਕੈਨੇਡਾ ਪੀ.ਆਰ., ਕੱਦ 5.8 ਇੰਚ, ਲਈ ਡਿਗਰੀ ਕਰਨ ਆਈ ਕੈਨੇਡਾ ਵਿੱਚ ਕੱਚੇ ਜਾ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਲੋੜ। +1-204-557-6726 (ਕੈਨੇਡਾ) +91-99142-07712 Email: hrpreet.ca@gmail.com

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਰਵੀਦਾਸੀਆ/ਰਾਮਦਾਸੀਆ ਸਿੱਖ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਕੈਨੀਡੀਅਨ ਸਿਟੀਜ਼ਨ, ਕੈਨੇਡਾ ਵਿਚ ਸਰਕਾਰੀ ਨੌਕਰੀ ਕਰ ਰਹੇ ਲੜਕੇ ਲਈ ਯੋਗ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕਾ 21 ਸਾਲ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ ਅਤੇ ਪਿੱਛੋਂ ਪਰਿਵਾਰ ਲੁਧਿਆਣੇ ਤੋਂ ਹੈ। ਸੰਪਰਕ: 905-996-0127, 416-728-9390

## ਲੜਕੀ ਦੀ ਲੋੜ

Jatt Sikh boy truck driver, 5'11, born in 1992. Clean shave , vegetarian, Permanent Resident, 1.5 acres property in India. 2 residential properties in Brampton. Living in Brampton, well settled. Looking for a suitable match. Only serious inquiries. Contact-+1-416-991-9192

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


# ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

# ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
**705-443-2556**



Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

WWW.KULWINDERCHHINA.COM
MULTI AWARD WINNER
REALTOR





KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੇ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca



A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work - All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton



Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ





647-998-7500 ਬਲਵਿੰਦਰ

# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR
FREE CONSULTATION



ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST
- -Credit Card Debts
- -Personal Loans
- -Pay Day Loans
- -Student Loans
- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD


# JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **RE/MAX International **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON



BRAND NEW HOUSE FOR SALE ON ASSIGNMENT (IN CALEDON)

ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਊਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON




$749,905
William /Vodden /Main

3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON




34 Winterfold Dr
CREDITVIEW & BOVAIRD
(MOUNT PLEASANT)

ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777






ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!

# VEGETARIAN FOOD
# HEALTHY EATING

FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017